# Literary Terms & Devices in English for Language Arts

## English / Punjabi



The Literary Terms are only for instruction. Not for ELL Accommodation.

**THE STATE EDUCATION DEPARTMENT**
THE UNIVERSITY OF THE STATE OF NEW YORK / ALBANY, NY 12234

DECEMBER 2016

**THE STATE EDUCATION DEPARTMENT** / THE UNIVERSITY OF THE STATE OF NEW YORK / ALBANY, NY 12234

P-16

Office of Elementary, Middle, Secondary and Continuing Education and Office of Higher Education
Office of Bilingual Education and Foreign Language Studies
http://www.emsc.nysed.gov/biling/


THE UNIVERSITY OF THE STATE OF NEW YORK
**Regents of the University**

BETTY A. ROSA, *Chancellor,* B.A., M.S. in Ed., M.S. in Ed., M.Ed., Ed.D. ............ Bronx
T. ANDREW BROWN, *Vice Chancellor,* B.A., J.D. ........................................................ Syracuse
NAN EILEEN MEAD, B.A. ........................................................................................ Manhattan
JOSEPHINE VICTORIA FINN, B.A., J.D. .................................................................... Albany
BEVERLY L. OUDERKIRK, B.S., M.S. ........................................................................ Saratoga
ELIZABETH. S. HAKANSON ........................................................................................ Onondaga
CATHERINE COLLINS, B.S., M.S., Ph.D. .................................................................. West New York
JAMES R. TALLON, R., B.A., M.A. ............................................................................ Binghamton
ROGER TILLES, B.A., J.D.......................................................................................... Great Neck
JUDITH JOHNSON, B.A., M.A., Ed.D. ........................................................................ Mid-Hudson
LUIS O. REYES, B.A., M.A., Ph.D. ............................................................................ New York
LESTER W. YOUNG, JR., B.S., M.S., Ed. D. ................................................................ Oakland Gardens
CHRISTINE D. CEA, B.A., M.A., Ph.D. ...................................................................... Staten Island
WADE S. NORWOOD, B.A. ........................................................................................ Rochester
JUDITH CHIN, B.S., M.S., ........................................................................................ Queens
KATHLEEN M. CASHIN, B.S., M.S., Ed.D.................................................................... Brooklyn
JAMES E. COTTRELL, B.S., M.D.................................................................................. New York

**Commissioner of Education**
**President of The University of the State of New York**
MARYELLEN ELIA

**Executive Deputy Commissioner**
ELIZABETH BERLIN



The State Education Department does not discriminate on the basis of age, color, religion, creed, disability, marital status, veteran status, national origin, race, gender, genetic predisposition or carrier status, or sexual orientation in its educational programs, services and activities. Portions of this publication can be made available in a variety of formats, including Braille, large print or audio tape, upon request. Inquiries concerning this policy of nondiscrimination should be directed to the Department's Office for Diversity, Ethics, and Access, Room 530, Education Building, Albany, NY 12234. Requests for additional copies of this publication may be made by contacting the Publications Sales Desk, Room 319, Education Building, Albany, NY 12234.

# ਮੁਖਬੰਧ

ਸਾਹਿਤਕ ਪਰਿਭਾਸ਼ਕ ਸ਼ਬਦ ਅਤੇ ਜੁਗਤਾਂ ਅਜਿਹੀਆਂ ਸਰਬ-ਵਿਆਪੀ ਕਲਾਤਮਕ ਸੰਰਚਨਾਵਾਂ ਦਾ ਸਮੂਹ ਹਨ ਜੋ ਸਾਰੀਆਂ ਸਾਹਿਤਕ ਰਚਨਾਵਾਂ ਵਿਚ ਪਾਈਆਂ ਜਾਂਦੀਆਂ ਹਨ ਅਤੇ ਅਕਸਰ ਜਿਨ੍ਹਾਂ ਦੀ ਵਰਤੋਂ ਲੇਖਕਾਂ ਦੁਆਰਾ ਆਪਣੀਆਂ ਰਚਨਾਵਾਂ ਨੂੰ ਭਾਸ਼ਾ ਰਾਹੀਂ ਅਰਥ ਦੇਣ ਅਤੇ ਤਰਕਪੂਰਨ ਢਾਂਚਾ ਪ੍ਰਦਾਨ ਕਰਨ ਲਈ ਕੀਤੀ ਜਾਂਦੀ ਹੈ। ਜਦ ਪਾਠਕ ਇਹਨਾਂ ਰਚਨਾਵਾਂ ਨੂੰ ਪੜ੍ਹਦੇ ਹਨ, ਉਹ ਆਖਰਕਾਰ ਇਹਨਾਂ ਸਾਹਿਤਕ ਸੰਰਚਨਾਵਾਂ ਦੀ ਪਛਾਣ ਅਤੇ ਸ਼ਲਾਘਾ ਕਰਦੇ ਹਨ। ਇਹਨਾਂ ਦੀ ਸਰਬ-ਵਿਆਪਕਤਾ ਦੇ ਕਾਰਨ ਪਾਠਕ ਇੱਕ ਲੇਖਕ ਦੀਆਂ ਰਚਨਾਵਾਂ ਦੀ ਤੁਲਨਾ ਦੂਜੇ ਲੇਖਕ ਦੀਆਂ ਰਚਨਾਵਾਂ ਅਤੇ ਅਕਸਰ ਦੂਜੀਆਂ ਭਾਸ਼ਾਵਾਂ ਵਾਲੀਆਂ ਰਚਨਾਵਾਂ ਨਾਲ ਕਰ ਸਕਦੇ ਹਨ। ਇਹ ਸੰਰਚਨਾਵਾਂ ਨਾ ਸਿਰਫ ਕਿਸੇ ਸਾਹਿਤਕ ਰਚਨਾ ਨੂੰ ਸੁੰਦਰ ਬਣਾਉਂਦੀਆਂ ਹਨ ਬਲਕਿ ਉਸਨੂੰ ਜ਼ਿਆਦਾ ਡੂੰਘਾ ਅਰਥ ਵੀ ਦਿੰਦੀਆਂ ਹਨ, ਪਾਠਕਾਂ ਦੀ ਸਮਝ ਦੀ ਪਰੀਖਿਆ ਲੈਂਦੀਆਂ ਹਨ ਅਤੇ ਨਾਲ ਹੀ, ਪੜ੍ਹਦੇ ਸਮੇਂ ਆਨੰਦ ਦਿੰਦੀਆਂ ਹਨ। ਇਸਦੇ ਇਲਾਵਾ, ਸਾਹਿਤਕ ਪਰਿਭਾਸ਼ਕ ਸ਼ਬਦ ਅਤੇ ਜੁਗਤਾਂ ਪਾਠਕਾਂ ਦੀ ਕਲਪਨਾ ਨੂੰ ਪ੍ਰੇਰਿਤ ਕਰਦੇ ਹਨ ਕਿਉਂਕਿ ਇਹਨਾਂ ਦੀ ਸਹਾਇਤਾ ਨਾਲ ਪਾਠਕ ਕਿਰਦਾਰਾਂ ਅਤੇ ਰਚਨਾ ਦੇ ਦ੍ਰਿਸ਼ਾਂ ਦਾ ਖਿਆਲੀ ਚਿੱਤਰ ਬਣਾ ਸਕਦੇ ਹਨ।

ਇਸ ਪੁਸਤਿਕਾ ਵਿਚ ਸਾਹਿਤਕ ਪਰਿਭਾਸ਼ਕ ਸ਼ਬਦਾਂ ਅਤੇ ਜੁਗਤਾ ਦੇ ਭੰਡਾਰ ਵਿਚੋਂ, ਜਿਨ੍ਹਾਂ ਦੀ ਵਰਤੋਂ ਲੇਖਕ ਆਪਣੀ ਰਚਨਾ ਦਾ ਪੱਧਰ ਉੱਚਾ ਕਰਨ ਲਈ ਕਰਦੇ ਹਨ, ਕੁਝ ਦੀ ਸੰਖਿਪਤ ਪਰਿਭਾਸ਼ਾ ਅਤੇ ਇੱਕ ਢੁੱਕਵੀਂ ਉਦਾਹਰਨ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਅਸੀਂ ਆਸ ਕਰਦੇ ਹਾਂ ਕਿ ਇਹ ਵਸੀਲਾ ਲਾਭਦਾਇਕ ਹੋਏਗਾ ਕਿਉਂਕਿ ਇਹ ਤੁਹਾਡੇ ਵਿਦਿਆਰਥੀਆਂ ਨੂੰ ਅੰਗਰੇਜ਼ੀ ਅਤੇ ਸਪੈਨਿਸ਼ ਦੇ ਸ਼ਾਨਦਾਰ ਸਾਹਿਤ ਨਾਲ ਜਾਣ-ਪਛਾਣ ਕਰਾਏਗਾ।

| ENGLISH | PUNJABI |
|---|---|
| **Acronym**<br>An acronym refers to the practice of joining together two or more words in order to create an entirely new word.  This is often done in order to create a name or word for something by combining the individual characteristics of two or more other words. | **ਐਕ੍ਰੋਨਿਮ (ਸੰਖੇਪ ਰੂਪ) (Acronym)**<br>ਐਕ੍ਰੋਨਿਮ ਦੋ ਜਾਂ ਵੱਧ ਸ਼ਬਦਾਂ ਨੂੰ ਮਿਲਾ ਕੇ ਇੱਕ ਬਿਲਕੁਲ ਨਵਾਂ ਸ਼ਬਦ ਬਣਾਉਣ ਦੇ ਚਲਨ ਨਾਲ ਜੁੜਿਆ ਹੈ। ਅਜਿਹਾ ਅਕਸਰ ਦੋ ਜਾਂ ਵੱਧ ਸ਼ਬਦਾਂ ਦੀਆਂ ਨਿਜੀ ਵਿਸ਼ੇਸ਼ਤਾਵਾਂ ਨੂੰ ਮਿਲਾ ਕੇ ਕਿਸੇ ਚੀਜ਼ ਲਈ ਨਵੇਂ ਨਾਂ ਜਾਂ ਨਵੇਂ ਸ਼ਬਦ ਦੀ ਸਿਰਜਣਾ ਕਰਨ ਲਈ ਕੀਤਾ ਜਾਂਦਾ ਹੈ। |
| **Example:** ISBN – International Standard Book Number | |

| | |
|---|---|
| **Allegory**<br>An allegory is a symbolic device where the meaning of a greater, often abstract concept is conveyed with the aid of a more corporeal object or idea being used as an example. Usually a rhetoric device, an allegory suggests a meaning via metaphoric examples. | ਪ੍ਰਤੀਕ-ਕਥਾ **(Allegory)**<br>ਪ੍ਰਤੀਕ-ਕਥਾ ਇੱਕ ਪ੍ਰਤੀਕਾਤਮਕ ਜੁਗਤ ਹੈ ਜਿਸ ਵਿਚ ਇੱਕ ਜ਼ਿਆਦਾ ਵੱਡੀ, ਅਕਸਰ ਅਮੂਰਤ, ਧਾਰਨਾ ਦੀ ਵਿਆਖਿਆ ਕਿਸੇ ਜ਼ਿਆਦਾ ਭੌਤਿਕ ਵਸਤੂ ਜਾਂ ਵਿਚਾਰ ਦੀ ਉਦਾਹਰਨ ਰਾਹੀਂ ਕੀਤੀ ਜਾਂਦੀ ਹੈ। ਅਕਸਰ ਇਹ ਇੱਕ ਅਲੰਕਾਰਕ ਜੁਗਤ ਹੁੰਦੀ ਹੈ ਜੋ ਰੂਪਕੀ ਉਦਾਹਰਨਾਂ ਰਾਹੀਂ ਅਰਥ ਦੱਸਦੀ ਹੈ। |
| **Example:** Faith is like a stony uphill climb: a single stumble might send you sprawling but belief and steadfastness will see you to the very top. Examples of works in literature that qualify as allegory are: *Aesop's Fables* and *Animal Farm*. | |

| | |
|---|---|
| **Alliteration**<br>Alliteration is when words are used in quick succession and begin with letters belonging to the same sound group. Whether it is the consonant sound, stressed syllables or a specific vowel group, the alliteration involves creating a repetition of similar sounds in the sentence. Alliterations are used to add character to the writing and often add an element of diversion to the piece. | ਅਨੁਪ੍ਰਾਸ **(Alliteration)**<br>ਅਨੁਪ੍ਰਾਸ ਤਾਂ ਮੌਜੂਦ ਹੁੰਦਾ ਹੈ ਜਦ ਇੱਕੋ ਧੁਨੀ ਸਮੂਹ ਵਾਲੇ ਅੱਖਰਾਂ ਤੋਂ ਸ਼ੁਰੂ ਹੋਣ ਵਾਲੇ ਸ਼ਬਦ ਇੱਕ ਦੂਜੇ ਦੇ ਬਾਅਦ ਛੇਤੀ ਛੇਤੀ ਆਉਂਦੇ ਹਨ। ਭਾਵੇਂ ਇਹ ਵਿਅੰਜਨ ਧੁਨੀ ਹੋਵੇ, ਬਲਾਘਾਤੀ ਉਚਾਰ-ਖੰਡ ਜਾਂ ਕੋਈ ਖਾਸ ਸ੍ਵਰ ਸਮੂਹ, ਅਨੁਪ੍ਰਾਸ ਰਾਹੀਂ ਕਿਸੇ ਵਾਕ ਵਿਚ ਇੱਕੋ ਜਿਹੀਆਂ ਧੁਨੀਆਂ ਦੁਹਰਾਈਆਂ ਜਾਂਦੀਆਂ ਹਨ। ਅਨੁਪ੍ਰਾਸਾਂ ਦੀ ਵਰਤੋਂ ਲਿਖਤਾਂ ਨੂੰ ਇੱਕ ਖਾਸ ਵਿਸ਼ੇਸ਼ਤਾ ਦੇਣ ਲਈ ਕੀਤੀ ਜਾਂਦੀ ਹੈ ਅਤੇ ਇਹ ਅਕਸਰ ਰਚਨਾ ਵਿਚ ਕੁਝ ਹੱਦ ਤਕ ਮਨੋਰੰਜਨ ਜੋੜਦੇ ਹਨ। |
| **Example:** The *Wicked Witch of the West* went her own way. (The "W" sound is highlighted and repeated throughout the sentence.) | |

| | |
|---|---|
| **Allusion**<br>An allusion is when the author refers to a subject matter such as a place, event, or literary work by way of a passing reference. It is up to the reader to make a connection to the subject being mentioned. | ਸੰਕੇਤ ਮਾਤਰ ਕਥਨ **(Allusion)**<br>ਸੰਕੇਤ ਮਾਤਰ ਕਥਨ ਉਹ ਹੁੰਦਾ ਹੈ ਜਦ ਲੇਖਕ ਵਿਸ਼ਾ-ਵਸਤੂ ਦੇ ਇਹੋ ਜਿਹੇ ਅੰਸ਼, ਜਿਵੇਂ ਕਿਸੇ ਥਾਂ, ਘਟਨਾ ਜਾਂ ਸਾਹਿਤਕ ਰਚਨਾ ਵਲ ਹਲਕਾ ਜਿਹਾ ਇਸ਼ਾਰਾ ਕਰਦਾ ਹੈ।  ਜਿਸ ਪਾਤਰ ਦਾ ਜ਼ਿਕਰ ਕੀਤਾ ਜਾ ਰਿਹਾ ਹੈ ਉਸ ਨਾਲ ਜੋੜਨਾ ਪਾਠਕ ਦੇ ਉੱਪਰ ਨਿਰਭਰ ਕਰਦਾ ਹੈ। |
| **Example:** "I do not approve of this *quixotic* idea." Quixotic means unrealistic and impractical derived from Cervantes's *Don Quixote*; a story of a foolish knight and his misadventures. | |

| ENGLISH | PUNJABI |
|---|---|
| **Amplification**<br>Amplification refers to a literary practice wherein the writer embellishes the sentence by adding more information to it in order to increase its worth and understandability. When a plain sentence is too abrupt and fails to convey the full implications desired, amplification comes into play when the writer adds more to the structure to give it more meaning. | ਵਿਸਤਾਰਨ **(Amplification)**<br>ਵਿਸਤਾਰਨ ਉਸ ਸਾਹਿਤਕ ਰਵਾਇਤ ਨੂੰ ਕਹਿੰਦੇ ਹਨ ਜਿਸ ਵਿਚ ਲੇਖਕ ਕਿਸੇ ਵਾਕ ਨੂੰ ਜ਼ਿਆਦਾ ਕੀਮਤੀ ਅਤੇ ਸਮਝਣਯੋਗ ਬਣਾਉਣ ਲਈ ਉਸ ਵਿਚ ਵਾਧੂ ਜਾਣਕਾਰੀ ਜੋੜ ਕੇ ਉਸਦਾ ਸ਼ਿੰਗਾਰ ਕਰਦਾ ਹੈ। ਜਦ ਕੋਈ ਸਿੱਧਾ ਸਾਦਾ ਵਾਕ ਅਚਾਨਕ ਖਤਮ ਹੋ ਜਾਂਦਾ ਹੈ ਅਤੇ ਸਾਰੇ ਲੋੜੀਂਦੇ ਭਾਵ-ਅਰਥ ਸੰਚਾਰਿਤ ਨਹੀਂ ਕਰਦਾ ਤਾਂ ਜੇ ਲੇਖਕ ਇਸਦੀ ਸੰਰਚਨਾ ਨੂੰ ਹੋਰ ਜ਼ਿਆਦਾ ਅਰਥ ਦੇਣ ਲਈ ਉਸ ਵਾਕ ਵਿਚ ਕੁਝ ਜੋੜਦਾ ਹੈ ਤਾਂ ਵਿਸਤਾਰਨ ਕੰਮ ਆਉਂਦੀ ਹੈ। |
| **Example:** Original sentence: The thesis paper was difficult. After Amplification: The thesis paper was difficult; it required extensive research, data collection, sample surveys, interviews and a lot of fieldwork. | |

| | |
|---|---|
| **Anagram**<br>Anagrams are when the writer jumbles up parts of the word to create a new word. From the syllables of a phrase to the individual letters of a word, any fraction can be jumbled to create a new form. Anagram is a form of wordplay that infuses mystery and a little interactive fun. | ਅਨਾਗ੍ਰਾਮ **(Anagram)**<br>ਜਦ ਕੋਈ ਲੇਖਕ ਕਿਸੇ ਸ਼ਬਦ ਦੇ ਹਿੱਸਿਆਂ ਨੂੰ ਗੱਡਮੱਡ ਕਰਕੇ ਨਵਾਂ ਸ਼ਬਦ ਬਣਾਉਂਦਾ ਹੈ ਤਾਂ ਉਸਨੂੰ ਅਨਾਗ੍ਰਾਮ ਕਹਿੰਦੇ ਹਨ। ਨਵੇਂ ਰੂਪ ਦੀ ਸਿਰਜਨਾ ਲਈ ਸ਼ਬਦ ਦੇ ਉਚਾਰ-ਖੰਡਾਂ ਤੋਂ ਲੈ ਕੇ ਉਸਦੇ ਅੱਖਰਾਂ ਤਕ ਕਿਸੇ ਵੀ ਹਿੱਸੇ ਨੂੰ ਗੱਡਮੱਡ ਕੀਤਾ ਜਾ ਸਕਦਾ ਹੈ। ਅਨਾਗ੍ਰਾਮ ਇੱਕ ਤਰ੍ਹਾਂ ਦੀ ਸ਼ਬਦਾਂ ਦੀ ਖੇਡ ਹੈ ਜੋ ਰਹੱਸ ਦਾ ਅੰਸ਼ ਜੋੜਦੀ ਹੈ ਅਤੇ ਕੁਝ ਅੰਤਰ-ਕ੍ਰਿਆਤਮਕ ਆਨੰਦ ਦੇਂਦੀ ਹੈ। |
| **Example:** An anagram for "debit card" is "bad credit". As you can see, both phrases use the same letters. By mixing the letters, a bit of humor is created. | |

| | |
|---|---|
| **Analogy**<br>An analogy is a device that helps to establish a relationship based on similarities between two concepts or ideas. By using an analogy we can convey a new idea by using the blueprint of an old one as a basis for understanding. With a mental linkage between the two, one can create understanding regarding the new concept in a simple and succinct manner. | ਦ੍ਰਿਸ਼ਟਾਂਤ/ਸਮਾਨਤਾ **(Analogy)**<br>ਦ੍ਰਿਸ਼ਟਾਂਤ ਅਜਿਹੀ ਸਾਹਿਤਕ ਜੁਗਤ ਹੈ ਜੋ ਦੋ ਧਾਰਨਾਵਾਂ ਜਾਂ ਵਿਚਾਰਾਂ ਵਿਚਕਾਰ ਸਮਾਨਤਾਵਾਂ ਦੇ ਆਧਾਰ ਤੇ ਇੱਕ ਸਬੰਧ ਸਥਾਪਤ ਕਰਨ ਵਿਚ ਮਦਦ ਕਰਦੀ ਹੈ। ਦ੍ਰਿਸ਼ਟਾਂਤ ਦੀ ਵਰਤੋਂ ਕਰਕੇ ਅਸੀਂ ਕਿਸੇ ਨਵੇਂ ਵਿਚਾਰ ਨੂੰ ਸਮਝਾ ਸਕਦੇ ਹਾਂ ਜਿਸਦੇ ਲਈ ਅਸੀਂ ਇੱਕ ਪੁਰਾਣੇ ਵਿਚਾਰ ਦੀ ਰੂਪਰੇਖਾ ਨੂੰ ਆਧਾਰ ਬਣਾਉਂਦੇ ਹਾਂ। ਦੋਨਾਂ ਧਾਰਨਾਵਾਂ ਵਿਚਕਾਰ ਮਾਨਸਿਕ ਸਬੰਧ ਸਥਾਪਤ ਹੋਣ ਦੇ ਬਾਅਦ ਅਸੀਂ ਨਵੀਂ ਧਾਰਨਾ ਨੂੰ ਇੱਕ ਸਰਲ ਅਤੇ ਸੰਖੇਪ ਰੂਪ ਵਿਚ ਸਮਝ ਸਕਦੇ ਹਾਂ। |
| **Example:** In the same way as one cannot have a rainbow without rain, one cannot achieve success and riches without hard work. | |

| ENGLISH | PUNJABI |
|---|---|
| **Anastrophe**<br>Anastrophe is a form of literary device wherein the order of the noun and the adjective in the sentence is exchanged. The adjective comes before the noun, but when one is employing an anastrophe, the noun is followed by the adjective. This reversed order creates impact and lends weight to the description offered by the adjective. | ਐਨਸਟ੍ਰੋਫੀ **(Anastrophe)**<br>ਐਨਸਟ੍ਰੋਫੀ ਇੱਕ ਸਾਹਿਤਕ ਜੁਗਤ ਹੈ ਜਿਸ ਵਿਚ ਕਿਸੇ ਵਾਕ ਵਿਚ ਸੰਗਿਆ ਅਤੇ ਵਿਸ਼ੇਸ਼ਣ ਦੇ ਕ੍ਰਮ ਨੂੰ ਅਦਲ-ਬਦਲ ਕਰ ਦਿੱਤਾ ਜਾਂਦਾ ਹੈ। ਵੈਸੇ ਵਿਸ਼ੇਸ਼ਣ ਸੰਗਿਆ ਤੋਂ ਪਹਿਲਾਂ ਆਉਂਦਾ ਹੈ ਪਰ ਜਦ ਅਸੀ ਐਨਸਟ੍ਰੋਂਫੀ ਦੀ ਵਰਤੋਂ ਕਰਦੇ ਹਾਂ, ਵਿਸ਼ੇਸ਼ਣ ਸੰਗਿਆ ਦੇ ਬਾਅਦ ਆਉਂਦਾ ਹੈ। ਇਹ ਉਲਟਾ ਕ੍ਰਮ ਇੱਕ ਅਸਰ ਛੱਡਦਾ ਹੈ ਅਤੇ ਵਿਸ਼ੇਸ਼ਣ ਦੁਆਰਾ ਦਿੱਤੇ ਗਏ ਵੇਰਵੇ ਨੂੰ ਜ਼ਿਆਦਾ ਵਜ਼ਨਦਾਰ ਬਣਾਉਂਦਾ ਹੈ |
| **Example:** He spoke of times past and future, and dreamt of things to be. | |

| | |
|---|---|
| **Anecdote**<br>An anecdote is a short verbal accounting of an amusing event or incident. The story is usually a memory from the narrator's life but can be a story of fact, as opposed to a contrived work of fiction. Teachers often tell their students anecdotes about famous people. The anecdotes are not always flattering, but are usually amusing. | ਲਤੀਫਾ ਜਾਂ ਕਿੱਸਾ **(Anecdote)**<br>ਲਤੀਫਾ ਜਾਂ ਕਿੱਸਾ ਕਿਸੇ ਦਿਲਚਸਪ ਘਟਨਾ ਦਾ ਸੰਖੇਪ ਜ਼ਬਾਨੀ ਵਰਨਨ ਹੈ। ਕਿੱਸਾ ਆਮ ਤੌਰ ਤੇ ਬਿਰਤਾਂਤਕਾਰ ਦੇ ਜੀਵਨ 'ਚੋਂ ਕੋਈ ਯਾਦ ਹੁੰਦੀ ਹੈ ਪਰ ਇਹ ਕੋਈ ਦੂਜੀ ਸੱਚੀ ਕਹਾਣੀ ਵੀ ਹੋ ਸਕਦੀ ਹੈ ਜੋ ਇਸ ਨੂੰ ਕਿਸੇ ਕਲਪਨਾ ਅਧਾਰਤ ਰਚਨਾ ਤੋਂ ਵੱਖ ਕਰਦਾ ਹੈ।  ਅਧਿਆਪਕ ਅਕਸਰ ਆਪਣੇ ਵਿਦਿਆਰਥੀਆਂ ਨੂੰ ਪ੍ਰਸਿੱਧ ਲੋਕਾਂ ਦੇ ਬਾਰੇ ਦਿਲਚਸਪ ਕਿੱਸੇ ਸੁਣਾਉਂਦੇ ਹਨ। ਇਹ ਕਿੱਸੇ ਹਮੇਸ਼ਾਂ ਖੁਸ਼ਾਮਦ ਨਹੀਂ ਕਰਦੇ ਪਰ ਆਮ ਤੌਰ ਤੇ ਦਿਲਚਸਪ ਹੁੰਦੇ ਹਨ। |
| **Example:** Winston Churchill was very fond of his dog Rufus who ate in the dining room with the family and was treated with utmost respect. When enjoying movies, Rufus had the best seat in the house; on Winston Churchill's lap. While watching "Oliver Twist," Churchill put his hands over Rufus' eyes during the scene where Bill Sikes intends to drown his dog. Churchill is believed to have said to Rufus: "Don't look now, dear. I'll tell you about it later." | |

| | |
|---|---|
| **Antagonist**<br>An antagonist is a character or a group of characters which stand in opposition to the protagonist or the main character. It is common to refer to an antagonist as a villain (the bad guy) against whom a hero (the good guy) fights in order to save himself or others. | ਵਿਰੋਧੀ ਪਾਤਰ **(Antagonist)**<br>ਵਿਰੋਧੀ ਪਾਤਰ ਉਹ ਕਿਰਦਾਰ ਜਾਂ ਕਿਰਦਾਰਾਂ ਦਾ ਸਮੂਹ ਹੈ ਜੋ ਮੁੱਖ ਪਾਤਰ ਜਾਂ ਮੁੱਖ ਕਿਰਦਾਰ ਦੇ ਵਿਰੋਧ ਵਿਚ ਖੜਾ ਹੁੰਦਾ ਹੈ। ਅਕਸਰ ਵਿਰੋਧੀ ਪਾਤਰ ਨੂੰ ਇੱਕ  ਖਲਨਾਇਕ (ਬਦਮਾਸ਼ ਜਾਂ ਗੁੰਡਾ) ਵੀ ਕਹਿੰਦੇ ਹਨ ਜਿਸਦੇ ਖਿਲਾਫ ਇੱਕ  ਨਾਇਕ (ਚੰਗਾ ਵਿਅਕਤੀ) ਆਪਣੇ ਆਪ ਨੂੰ ਜਾਂ ਦੂਜੇ ਲੋਕਾਂ ਨੂੰ ਬਚਾਉਣ ਲਈ ਲੜਦਾ ਹੈ। |
| **Example:** Generally, an antagonist appears as a foil to the main character embodying qualities that are in contrast with the qualities of the main character. This inner conflict is a major theme of many literary works e.g. *Doctor Faustus* by Christopher Marlowe and *Hamlet* by William Shakespeare. | |

| ENGLISH | PUNJABI |
|---|---|
| **Anthropomorphism**<br>Anthropomorphism can be understood to be the act of lending a human quality, emotion or ambition to a non-human object or being. This act of lending a human element to a non-human subject is often employed in order to endear the latter to the readers or audience and increase the level of relativity between the two, while also lending character to the subject. | ਮਾਨਵੀਕਰਨ **(Anthropomorphism)**<br>ਮਾਨਵੀਕਰਨ ਕਿਸੇ ਗੈਰ-ਮਾਨਵ ਜੀਵ ਜਾਂ ਚੀਜ਼ ਨੂੰ ਕੋਈ ਮਾਨਵੀ ਗੁਣ, ਵਲਵਲਾ ਜਾਂ ਅਭਿਲਾਸ਼ਾ ਦਿੱਤੇ ਜਾਣ ਦੀ ਕਿਰਿਆ ਵਜੋਂ ਸਮਝਿਆ ਜਾ ਸਕਦਾ ਹੈ। ਗੈਰ-ਮਾਨਵ ਪਾਤਰ ਨੂੰ ਕੋਈ ਮਾਨਵੀ ਤੱਤ ਪ੍ਰਦਾਨ ਕਰਨ ਦੀ ਇਸ ਕਿਰਿਆ ਦੀ ਵਰਤੋਂ ਅਕਸਰ ਇਸ ਪਾਤਰ ਦੁਆਰਾ ਪਾਠਕਾਂ ਜਾਂ ਦਰਸ਼ਕਾਂ ਦਾ ਦਿਲ ਜਿੱਤਣ ਅਤੇ ਦੋਨਾਂ ਵਿਚਕਾਰ ਸਬੰਧ ਦਾ ਪੱਧਰ ਉੱਚਾ ਕਰਨ ਅਤੇ ਪਾਤਰ ਨੂੰ ਚਰਿੱਤਰ ਪ੍ਰਦਾਨ ਕਰਨ ਲਈ ਕੀਤੀ ਜਾਂਦੀ ਹੈ। |
| **Example:** The raging storm brought with it howling winds and fierce lightning as the residents of the village looked up at the angry skies in alarm. | |

| | |
|---|---|
| **Antithesis**<br>An antithesis is used when the writer employs two sentences of contrasting meanings in close proximity to one another. Whether they are words or phrases of the same sentence, an antithesis is used to create a stark contrast using two divergent elements that come together to create one uniform whole. The purpose of using an antithesis in literature is to create a balance between opposite qualities and lend a greater insight into the subject. | ਪ੍ਰਤਿਸਥਾਪਨਾ **(Antithesis)**<br>ਪ੍ਰਤਿਸਥਾਪਨਾ ਜਾਂ ਐਂਟੀਥੀਸਿਸ ਦੀ ਵਰਤੋਂ ਉਸ ਸਮੇਂ ਕੀਤੀ ਜਾਂਦੀ ਹੈ ਜਦ ਲੇਖਕ ਵਿਪਰੀਤ ਅਰਥਾਂ ਵਾਲੇ ਦੋ ਵਾਕਾਂ ਦੀ ਵਰਤੋਂ ਇੱਕ ਦੂਜੇ ਦੇ ਬਹੁਤ ਨੇੜੇ ਕਰਦਾ ਹੈ। ਭਾਵੇਂ ਉਹ ਉਸੇ ਵਾਕ ਦੇ ਸ਼ਬਦ ਹੋਣ ਜਾਂ ਵਾਕਾਂਸ਼, ਪ੍ਰਤਿਸਥਾਪਨਾ ਦੀ ਵਰਤੋਂ ਬਿਲਕੁਲ ਭਿੰਨ ਚੀਜ਼ਾਂ ਦਾ ਅੰਤਰ ਦਿਖਾਉਣ ਲਈ ਕੀਤੀ ਜਾਂਦੀ ਹੈ ਜਿਸਦੇ ਲਈ ਦੋ ਵਿਭਿੰਨ ਤੱਤਾਂ ਨੂੰ ਮਿਲਾ ਕੇ ਇੱਕ ਸਮਰੂਪ ਸੰਪੂਰਨ ਇਕਾਈ ਦੀ ਸਿਰਜਨਾ ਕੀਤੀ ਜਾਂਦੀ ਹੈ। ਸਾਹਿਤ ਵਿਚ ਪ੍ਰਤਿਸਥਾਪਨਾ ਦੀ ਵਰਤੋਂ ਦਾ ਉਦੇਸ਼ ਵਿਪਰੀਤ ਗੁਣਾਂ ਦੇ ਵਿਚਕਾਰ ਸੰਤੁਲਨ ਪੈਦਾ ਕਰਨਾ ਅਤੇ ਵਿਸ਼ੇ ਦੀ ਡੂੰਘਾਈ ਵਿਚ ਜਾ ਕੇ ਉਸਨੂੰ ਸਮਝਣਾ ਹੈ। |
| **Example:** When Neil Armstrong walked on the moon it might have been one small step for a man, but it was one giant leap for mankind. | |

| | |
|---|---|
| **Aphorism**<br>An aphorism is a concise statement that is made in a matter of fact tone to state a principle or an opinion that is generally understood to be a universal truth. Aphorisms are often adages, wise sayings and maxims aimed at imparting sense and wisdom. It is to be noted that aphorisms are usually witty and curt and often have an underlying tone of authority to them. | ਉਕਤੀ **(Aphorism)**<br>ਉਕਤੀ ਇੱਕ ਸੰਖੇਪ ਬਿਆਨ ਹੈ ਜਿਸ ਨੂੰ ਯਥਾਰਥਵਾਦੀ ਲਹਿਜ਼ੇ ਵਿਚ ਕਿਸੇ ਅਜਿਹੇ ਸਿਧਾਂਤ ਜਾਂ ਰਾਏ ਨੂੰ ਪ੍ਰਗਟ ਕਰਨ ਲਈ ਵਰਤਿਆ ਜਾਂਦਾ ਹੈ ਜਿਸ ਨੂੰ ਆਮ ਤੌਰ ਤੇ ਇੱਕ ਸਰਬ-ਵਿਆਪੀ ਸਚਾਈ ਮੰਨਿਆ ਜਾਂਦਾ ਹੋਵੇ। ਉਕਤੀਆਂ ਅਕਸਰ ਕਹਾਵਤਾਂ, ਸਿਆਣੇ ਅਖਾਣ ਅਤੇ ਲੋਕੋਕਤੀਆਂ ਹੁੰਦੀਆਂ ਹਨ ਜਿਨ੍ਹਾਂ ਦਾ ਉਦੇਸ਼ ਗਿਆਨ ਅਤੇ ਸਿਆਣਪ ਪ੍ਰਦਾਨ ਕਰਨਾ ਹੁੰਦਾ ਹੈ। ਇਹ ਗੱਲ ਯਾਦ ਰੱਖਣੀ ਜ਼ਰੂਰੀ ਹੈ ਕਿ ਉਕਤੀਆਂ ਵਿਚ ਆਮ ਤੌਰ ਤੇ ਬੌਧਿਕ ਹਾਸ-ਵਿਲਾਸ ਅਤੇ ਕੋਰੇਪਣ ਵਾਲੀਆਂ ਹੁੰਦੀਆਂ ਹਨ ਅਤੇ ਅਕਸਰ ਉਹਨਾਂ ਦਾ ਬੁਨਿਆਦੀ ਲਹਿਜ਼ਾ ਹਾਕਮਾਨਾ ਹੁੰਦਾ ਹੈ। |
| **Example:** Upon seeing the shoddy work done by the employee, the boss told him to “either shape up or ship out”. | |

| ENGLISH | PUNJABI |
|---|---|
| **Archetype**<br>Archetypes are literary devices that employ the use of a famous concept, person or object to convey a wealth of meaning. Archetypes are immediately identifiable and even though they run the risk of being overused, they are still the best examples of their kind. | ਆਦਿ-ਰੂਪ **(Archetype)**<br>ਆਦਿ-ਰੂਪ ਅਜਿਹੀਆਂ ਸਾਹਿਤਕ ਜੁਗਤਾਂ ਹਨ ਜਿਨ੍ਹਾਂ ਵਿਚ ਅਰਥ ਦਾ ਭੰਡਾਰ ਪ੍ਰਦਾਨ ਕਰਨ ਲਈ ਕਿਸੇ ਜਾਣੇ-ਪਛਾਣੇ ਵਿਚਾਰ, ਵਿਅਕਤੀ ਜਾਂ ਵਸਤੂ ਦੀ ਵਰਤੋਂ ਕੀਤੀ ਜਾਂਦੀ ਹੈ। ਆਦਿ-ਰੂਪਾਂ ਦੀ ਫੌਰਨ ਪਛਾਣ ਹੋ ਜਾਂਦੀ ਹੈ ਅਤੇ ਹਾਲਾਂਕਿ ਉਹਨਾਂ ਦੀ ਲੋੜ ਤੋਂ ਵੱਧ ਵਰਤੋਂ ਦਾ ਖਤਰਾ ਬਣਿਆ ਰਹਿੰਦਾ ਹੈ, ਫੇਰ ਵੀ ਉਹ ਆਪਣੇ ਕਿਸਮ ਦੀਆਂ ਬਿਹਤਰੀਨ ਉਦਾਹਰਨਾਂ ਹੁੰਦੀਆਂ ਹਨ। |
| **Example:** Shakespeare's *Romeo and Juliet* are an archetype of star-crossed lovers; a couple joined by love, separated by cruel circumstance, and doomed by fate. | |

| | |
|---|---|
| **Assonance**<br>Assonance refers to repetition of sounds produced by vowels within a sentence or phrase. In this regard assonance can be understood to be a kind of alliteration. What sets it apart from alliterations is that it is the repetition of only vowel sounds. | ਸੂਰ-ਆਵ੍ਰਿਤੀ **(Assonance)**<br>ਸੂਰ-ਆਵ੍ਰਿਤੀ ਕਿਸੇ ਵਾਕ ਜਾਂ ਵਾਕਾਂਸ਼ ਦੇ ਅੰਦਰ ਸੂਰ ਅੱਖਰਾਂ ਦੀਆਂ ਧੁਨੀਆਂ ਦੇ ਦੁਹਰਾਏ ਜਾਣ ਨੂੰ ਕਹਿੰਦੇ ਹਨ। ਇਸ ਨਜ਼ਰੀਏ ਤੋਂ ਸੂਰ-ਆਵ੍ਰਿਤੀ ਨੂੰ ਇੱਕ ਪ੍ਰਕਾਰ ਦਾ ਅਨੁਪ੍ਰਾਸ ਸਮਝਿਆ ਜਾ ਸਕਦਾ ਹੈ। ਅਨੁਪ੍ਰਾਸ ਤੋਂ ਇਹ ਵੱਖ ਇਸ ਤਰ੍ਹਾਂ ਹੈ ਕਿ ਇਸ ਵਿਚ ਸਿਰਫ ਸੂਰ ਅੱਖਰਾਂ ਦੀਆਂ ਧੁਨੀਆਂ ਨੂੰ ਦੁਹਰਾਇਆ ਜਾਂਦਾ ਹੈ। |
| **Example:** "A long song." The "o" sound is repeated in the last two words of the sentence. | |

| | |
|---|---|
| **Asyndeton**<br>Asyndeton refers to a practice in literature whereby the author purposely leaves out conjunctions in the sentence, while maintaining the grammatical accuracy of the phrase. Asyndeton as a literary tool helps in shortening up the implied meaning of the entire phrase and presenting it in a succinct form. This compact version helps in creating an immediate impact whereby the reader is instantly attuned to what the writer is trying to convey. | ਸੰਯੋਜਕ-ਮੁਕਤੀ **(Asyndeton)**<br>ਸੰਯੋਜਕ-ਮੁਕਤੀ ਸਾਹਿਤ ਦੀ ਉਸ ਰਵਾਇਤ ਨੂੰ ਕਹਿੰਦੇ ਹਨ ਜਿਸ ਵਿਚ ਲੇਖਕ ਵਾਕ ਵਿਚਲੇ ਸੰਯੋਜਕਾਂ ਨੂੰ ਜਾਣ ਬੁਝ ਕੇ ਛੱਡ ਦਿੰਦਾ ਹੈ ਪਰ ਵਾਕ ਨੂੰ ਵਿਆਕਰਣ ਦੇ ਨਜ਼ਰੀਏ ਤੋਂ ਸਹੀ ਰੱਖਦਾ ਹੈ। ਸੰਯੋਜਕ-ਮੁਕਤੀ ਉਹ ਸਾਹਿਤਕ ਜੁਗਤ ਹੈ ਜੋ ਪੂਰੇ ਵਾਕਾਂਸ਼ ਦੇ ਨਿਹਿਤ ਅਰਥ ਨੂੰ ਛੋਟਾ ਕਰਨ ਅਤੇ ਉਸ ਨੂੰ ਸੰਖੇਪ ਰੂਪ ਵਿਚ ਪੇਸ਼ ਕਰਨ ਵਿਚ ਮਦਦ ਕਰਦੀ ਹੈ। ਇਹ ਸੰਖੇਪ ਰੂਪ ਤਤਕਾਲ ਇੱਕ ਅਜਿਹਾ ਅਸਰ ਪੈਦਾ ਕਰਦਾ ਹੈ ਜਿਸ ਨਾਲ ਪਾਠਕ ਫੌਰਨ ਉਸ ਗੱਲ ਨਾਲ ਇੱਕਸੁਰ ਹੋ ਜਾਂਦਾ ਹੈ ਜੋ ਲੇਖਕ ਦੱਸਣ ਦੀ ਕੋਸ਼ਿਸ਼ ਕਰ ਰਿਹਾ ਹੈ। |
| **Example**<br>Read, Write, Learn.<br>Watch, Absorb, Understand.<br>Reduce, Reuse, Recycle. | |

| ENGLISH | PUNJABI |
|---|---|
| **Authorial Intrusion**<br>Authorial Intrusion is used when the author steps away from the text and speaks out to the reader. Authorial intrusion establishes a one-to-one relationship between the writer and the reader where the latter is no longer a secondary player or an indirect audience to the progress of the story but is the main subject of the author's attention. | ਲੇਖਕ ਘੁਸਪੈਠ **(Authorial Intrusion)**<br>ਲੇਖਕ ਘੁਸਪੈਠ ਦੀ ਵਰਤੋਂ ਤਾਂ ਹੁੰਦੀ ਹੈ ਜਦ ਲੇਖਕ ਕਹਾਣੀ ਤੋਂ ਬਾਹਰ ਨਿਕਲ ਕੇ ਸਿੱਧਾ ਪਾਠਕ ਨਾਲ ਗੱਲਬਾਤ ਕਰਦਾ ਹੈ। ਲੇਖਕ ਘੁਸਪੈਠ ਲੇਖਕ ਅਤੇ ਪਾਠਕ ਵਿਚਕਾਰ ਆਮ੍ਹਣੇ-ਸਾਮ੍ਹਣੇ ਦਾ ਸਿੱਧਾ ਰਿਸ਼ਤਾ ਕਾਇਮ ਕਰਦੀ ਹੈ ਅਤੇ ਹੁਣ ਪਾਠਕ ਕਹਾਣੀ ਦੀ ਪ੍ਰਗਤੀ ਵਿਚ ਦੂਜੇ ਦਰਜੇ ਦਾ ਖਿਡਾਰੀ ਜਾਂ ਅਸਿੱਧਾ ਦਰਸ਼ਕ ਨਹੀਂ ਰਹਿ ਜਾਂਦਾ ਬਲਕਿ ਲੇਖਕ ਦੇ ਧਿਆਨ ਦਾ ਮੁੱਖ ਪਾਤਰ ਬਣ ਜਾਂਦਾ ਹੈ। |
| **Example:** In many novels, the protagonist would move away from the stream of the story and speak out to the reader. This technique is often used to reveal some crucial elements of the story to the reader. Used well in *Oliver Twist* by Charles Dickens. | |

| | |
|---|---|
| **Bildungsroman**<br>*Bildungsroman* is a popular form of storytelling whereby the author bases the plot on the overall growth of the central character throughout the timeline of the story. As the story progresses, the subject undergoes noticeable mental, physical, social, emotional, moral and often spiritual advanced and strengthening before the readers' eyes. | ਬਿਲਡੁੰਗਸਰੋਮਨ **(Bildungsroman)**<br>*ਬਿਲਡੁੰਗਸਰੋਮਨ* ਕਹਾਣੀ ਲੇਖਨ ਦਾ ਬਹੁਤ ਪ੍ਰਚਲਿਤ ਰੂਪ ਹੈ ਜਿਸ ਵਿਚ ਲੇਖਕ ਆਪਣੀ ਕਹਾਣੀ ਵਿਚ ਪੂਰਾ ਸਮਾਂ ਆਪਣਾ ਧਿਆਨ ਮੁੱਖ ਪਾਤਰ ਦੇ ਸਮੁੱਚੇ ਵਿਕਾਸ ਉੱਪਰ ਕੇਂਦਰਤ ਕਰਦਾ ਹੈ। ਜਿਵੇਂ ਜਿਵੇਂ ਕਹਾਣੀ ਅੱਗੇ ਵੱਧਦੀ ਹੈ ਪਾਠਕ ਦੀਆਂ ਅੱਖਾਂ ਦੇ ਸਾਮ੍ਹਣੇ ਪਾਤਰ ਸਪਸ਼ਟ ਤੌਰ ਤੇ ਮਾਨਸਿਕ, ਸਰੀਰਕ, ਸਮਾਜਕ, ਭਾਵਨਾਤਮਕ, ਨੈਤਿਕ ਅਤੇ ਅਕਸਰ ਰੂਹਾਨੀ ਪਰਗਤੀ ਕਰਦਾ ਹੈ ਅਤੇ ਮਜ਼ਬੂਤ ਹੁੰਦਾ ਹੈ। |
| **Example:** Scarlet O'Hara in *Gone With the Wind* by Margaret Mitchell experiences immense personal growth as she learns the value of friends and hard work under duress, without compromising her own dreams. | |

| | |
|---|---|
| **Cacophony**<br>A cacophony in literature refers to the use of words and phrases that imply strong, harsh sounds within the phrase. These words have jarring and dissonant sounds that create a disturbing, objectionable atmosphere. | ਕਾਵਾਂਰੌਲੀ (ਕੈਕਾਫੋਨੀ) **(Cacophony)**<br>ਸਾਹਿਤ ਵਿਚ ਕਾਵਾਂਰੌਲੀ ਅਜਿਹੇ ਸ਼ਬਦਾਂ ਅਤੇ ਵਾਕਾਂਸ਼ਾਂ ਦੀ ਵਰਤੋਂ ਨੂੰ ਕਹਿੰਦੇ ਹਨ ਜਿਨ੍ਹਾਂ ਦਾ ਉਦੇਸ਼ ਵਾਕਾਂਸ਼ ਦੇ ਅੰਦਰ ਉੱਚੀਆਂ, ਖਰ੍ਹਵੀਆਂ ਆਵਾਜ਼ਾਂ ਦਰਸਾਉਣਾ ਹੁੰਦਾ ਹੈ। ਇਹਨਾਂ ਸ਼ਬਦਾਂ ਦੀਆਂ ਧੁਨੀਆਂ ਖੜਖੜ ਕਰਨ ਵਾਲੀਆਂ ਅਤੇ ਬੇਸੁਰੀਆਂ ਹੁੰਦੀਆਂ ਹਨ ਜੋ ਇੱਕ ਪਰੇਸ਼ਾਨ ਕਰਨ ਵਾਲਾ ਅਤੇ ਅਸੁਖਾਵਾਂ ਮਾਹੌਲ ਪੈਦਾ ਕਰਦੀਆਂ ਹਨ। |
| **Example:** His fingers rapped and pounded the door, and his foot thumped against the yellowing wood. | |

| | |
|---|---|
| **Caesura**<br>A caesura is a pause within a poetic line that breaks the regularity of the metrical pattern. The purpose of using a caesura is to create a dramatic pause, which has a strong impact. | ਛੰਦ ਵਿਰਾਮ (ਸੀਜ਼ਿਓਰਾ) **(Caesura)**<br>ਛੰਦ ਵਿਰਾਮ ਕਵਿਤਾ ਦੀ ਇੱਕ ਪੰਕਤੀ ਵਿਚ ਵਕਫਾ ਹੈ ਜੋ ਛੰਦਬੱਧ ਬਣਤਰ ਦੀ ਇਕਸਾਰਤਾ ਨੂੰ ਤੋੜਦਾ ਹੈ। ਛੰਦ ਵਿਰਾਮ ਦੀ ਵਰਤੋਂ ਦਾ ਉਦੇਸ਼ ਇੱਕ ਨਾਟਕੀ ਵਕਫਾ ਪੈਦਾ ਕਰਨਾ ਹੈ, ਜਿਸਦਾ ਅਸਰ ਬਹੁਤ ਪ੍ਰਬਲ ਹੁੰਦਾ ਹੈ। |
| **Example:** Against the envy of less happier lands, this blessed plot, this earth, this realm, this England. *Richard II*, Shakespeare | |

| ENGLISH | PUNJABI |
|---|---|
| **Characterization**<br>Characterization is the process by which the writer reveals the personality of a character. The character can be described directly or indirectly by the author or through the actions, thoughts and speech of the character. | ਚਰਿੱਤਰ ਚਿੱਤਰਨ **(Characterization)**<br>ਚਰਿੱਤਰ ਚਿੱਤਰਨ ਇੱਕ ਪ੍ਰਕਿਰਿਆ ਹੈ ਜਿਸਦੇ ਰਾਹੀਂ ਲੇਖਕ ਕਿਸੇ ਕਿਰਦਾਰ ਦੀ ਸ਼ਖ਼ਸੀਅਤ ਨੂੰ ਦਰਸਾਉਂਦਾ ਹੈ। ਲੇਖਕ ਦੁਆਰਾ ਚਰਿੱਤਰ ਦੀ ਵਿਆਖਿਆ ਸਿੱਧੇ ਜਾਂ ਅਸਿੱਧੇ ਤਰੀਕੇ ਨਾਲ ਜਾਂ ਕਿਰਦਾਰ ਦੇ ਕੰਮਾਂ, ਵਿਚਾਰਾਂ ਜਾਂ ਗੱਲਾਂ ਰਾਹੀਂ ਕੀਤੀ ਜਾ ਸਕਦੀ ਹੈ। |
| **Example:** "First of all, if we can learn a simple trick, Scout, you'll get along a lot better with all kinds of folks. You never really understand a person until you consider things from his point of view … until you climb into his skin and walk around in it." From this quote from *To Kill a Mockingbird* by Harper Lee we can see that Atticus Finch (Scout's father) is a patient and compassionate person who is able to extend his empathy to other members of his community. | |

| | |
|---|---|
| **Chiasmus**<br>Chiasmus a figure of speech containing two phrases that are parallel but inverted to each other. | ਵਿਅਤੀਕ੍ਰਮ (ਕਾਇਏਜ਼ਮਸ) **(Chiasmus)**<br>ਕਾਇਏਜ਼ਮਸ ਇੱਕ ਅਲੰਕਾਰ ਹੈ ਜਿਸ ਵਿਚ ਦੋ ਵਾਕਾਂਸ਼ ਇੱਕ ਦੂਜੇ ਦੇ ਸਮਾਨਾਂਤਰ ਪਰ ਇੱਕ ਦੂਜੇ ਦੇ ਉਲਟ ਹੁੰਦੇ ਹਨ। |
| **Example:** You can take the patriot out of the country but you cannot take the country out of the patriot. | |

| | |
|---|---|
| **Circumlocution**<br>Circumlocution is a form of writing wherein the author uses exaggeratedly long and complex sentences in order to convey a meaning that could have been otherwise conveyed through a shorter, much simpler sentence. Circumlocution involves stating an idea or a view in an indirect manner that leaves the reader guessing and grasping at the actual meaning. | ਸ਼ਬਦ ਚੱਕਰ (ਸਰਕਮਲੋਕਿਊਸ਼ਨ) **(Circumlocution)**<br>ਸ਼ਬਦ ਚੱਕਰ ਲੇਖਨ ਦਾ ਇੱਕ ਰੂਪ ਹੈ ਜਿਸ ਵਿਚ ਲੇਖਕ ਬਹੁਤ ਜ਼ਿਆਦਾ ਲੰਬੇ ਅਤੇ ਗੁੰਝਲਦਾਰ ਵਾਕ ਬਣਾਉਂਦਾ ਹੈ ਜਿਸਦਾ ਉਦੇਸ਼ ਉਹੀ ਅਰਥ ਦੱਸਣਾ ਹੈ ਜੋ ਇੱਕ ਜ਼ਿਆਦਾ ਛੋਟੇ ਅਤੇ ਜ਼ਿਆਦਾ ਸਰਲ ਵਾਕ ਰਾਹੀ ਦੱਸਿਆ ਜਾ ਸਕਦਾ ਹੈ। ਸ਼ਬਦ ਚੱਕਰ ਵਿਚ ਕਿਸੇ ਵਿਚਾਰ ਜਾਂ ਰਾਏ ਨੂੰ ਅਸਿੱਧੇ ਤਰੀਕੇ ਨਾਲ ਦੱਸਿਆ ਜਾਂਦਾ ਹੈ ਜਿਸ ਕਰਕੇ ਪਾਠਕ ਅਸਲ ਅਰਥ ਦਾ ਅੰਦਾਜ਼ਾ ਲਗਾਉਣ ਅਤੇ ਸਮਝਣ ਦੀ ਕੋਸ਼ਸ਼ ਕਰਦਾ ਰਹਿ ਜਾਂਦਾ ਹੈ। |
| **Example:** Instead of writing "At 8 pm he arrived for the dinner party," the author writes: "Around 3 hours after sunset, it was winter at the time; the man arrived for the dinner party. | |

| ENGLISH | PUNJABI |
|---|---|
| **Climax**<br>Climax is that particular point in a narrative at which the conflict or tension hits the highest point. Climax is a structural part of a plot and is at times referred to as the crisis. It is a decisive moment or a turning point in a storyline at which the rising action turns around into a falling action. Thus, a climax is the point at which a conflict or crisis reaches its peak that calls for a resolution or denouncement (conclusion). | ਚਰਮ ਬਿੰਦੂ **(Climax)**<br>ਕਿਸੇ ਕਹਾਣੀ ਵਿਚ ਚਰਮ ਬਿੰਦੂ ਉਹ ਬਿੰਦੂ ਹੈ ਜਿਥੇ ਸੰਘਰਸ਼ ਜਾਂ ਤਣਾਉ ਸਭ ਤੋਂ ਵੱਧ ਹੁੰਦਾ ਹੈ। ਚਰਮ ਬਿੰਦੂ ਕਹਾਣੀ ਦਾ ਸੰਰਚਨਾਤਮਕ ਹਿੱਸਾ ਹੈ ਜਿਸ ਨੂੰ ਕਈ ਵਾਰ ਸਿਖਰ ਬਿੰਦੂ ਕਹਿੰਦੇ ਹਨ। ਇਹ ਕਹਾਣੀ ਵਿਚ ਫੈਸਲੇ ਦੀ ਘੜੀ ਜਾਂ ਉਹ ਮੋੜ ਹੈ ਜਿਥੇ ਵੱਧਦਾ ਹੋਇਆ ਕ੍ਰਿਆ-ਤੰਤਰ ਘਟਣਾ ਸ਼ੁਰੂ ਹੋ ਜਾਂਦਾ ਹੈ। ਇਸ ਲਈ, ਚਰਮ ਬਿੰਦੂ ਉਹ ਬਿੰਦੂ ਹੈ ਜਿਥੇ ਸੰਘਰਸ਼ ਜਾਂ ਸੰਕਟ ਸਭ ਤੋਂ ਉੱਚੇ ਸਿਖਰ ਤੇ ਹੁੰਦਾ ਹੈ ਅਤੇ ਉਸਦਾ ਹਲ ਜਾਂ ਸਿੱਟਾ (ਪਰਿਣਾਮ) ਕੱਢਣਾ ਜ਼ਰੂਰੀ ਹੋ ਜਾਂਦਾ ਹੈ। |

**Example:** In *The Heart of Darkness* by Joseph Conrad, the narrative reaches its climax when Marlowe starts his journey in his steam boat and his final discovery upon reaching the station and meeting Kurtz. He was shocked to discover that Kurtz had abandoned all norms and morals of his civilization. Following this point in the novel, the mystery surrounding Kurtz is unfolded and the questions in Marlow's mind find their answers automatically when he sees the real situation.

| | |
|---|---|
| **Conflict**<br>Conflict is used for expressing a resistance the protagonist of the story finds in achieving his aims or dreams. The conflict is a discord that can have external aggressors or can even arise from within the self. | ਸੰਘਰਸ਼, ਲੜਾਈ, ਵਿਵਾਦ **(Conflict)**<br>ਕਹਾਣੀ ਦਾ ਮੁੱਖ ਪਾਤਰ ਆਪਣੇ ਟੀਚਿਆਂ ਜਾਂ ਸੁਫਨਿਆਂ ਦੀ ਪ੍ਰਾਪਤੀ ਵਿਚ ਜਿਸ ਪ੍ਰਤਿਰੋਧ ਦਾ ਸਾਮ੍ਹਣਾ ਕਰਦਾ ਹੈ ਉਸ ਨੂੰ ਦਰਸਾਉਣ ਲਈ ਸੰਘਰਸ਼ ਦੀ ਵਰਤੋਂ ਕੀਤੀ ਜਾਂਦੀ ਹੈ। ਸੰਘਰਸ਼ ਉਹ ਮੱਤਭੇਦ ਹੈ ਜਿਸ ਵਿਚ ਹਮਲਾਵਰ ਬਾਹਰਲੇ ਹੋ ਸਕਦੇ ਹਨ ਜਾਂ ਇਹ ਸੰਘਰਸ਼ ਇਨਸਾਨ ਦੇ ਅੰਦਰ ਪੈਦਾ ਹੋ ਸਕਦਾ ਹੈ। |

**Example:** John tried hard to convince himself that his Hollywood dreams were worth the struggle, but his parents, and his inner voice of reason, failed to agree.

| | |
|---|---|
| **Connotation**<br>Connotations are the associations people make with words that go beyond the literal or dictionary definition. Many words have connotations that create emotions or feelings in the reader. | ਭਾਵ-ਅਰਥ **(Connotation)**<br>ਭਾਵ-ਅਰਥ ਸ਼ਬਦਾਂ ਨਾਲ ਮਨ ਵਿਚ ਬਣਨ ਵਾਲੇ ਉਹ ਸਬੰਧ ਹਨ ਜੋ ਉਹਨਾਂ ਦੀ ਸਿੱਧੀ-ਸਾਦੀ ਜਾਂ ਸ਼ਬਦ-ਕੋਸ਼ ਵਿਚ ਦਿੱਤੀ ਪਰਿਭਾਸ਼ਾ ਤੋਂ ਬਾਹਰ ਹੁੰਦੇ ਹਨ। ਕਈ ਸ਼ਬਦਾਂ ਦੇ ਅਜਿਹੇ ਭਾਵ-ਅਰਥ ਹੁੰਦੇ ਹਨ ਜੋ ਪਾਠਕ ਦੇ ਮਨ ਵਿਚ ਭਾਵਨਾਵਾਂ ਜਾਂ ਜਜ਼ਬਾਤ ਪੈਦਾ ਕਰਦੇ ਹਨ। |

**Example:** "And once again, the autumn leaves were falling." This phrase uses "autumn" to signify that something is coming to an end.

| | |
|---|---|
| **Consonance**<br>Consonance refers to the repetition of sounds in quick succession produced by consonants within a sentence or phrase. The repetitive sound is often found at the end of a word. Consonance is the opposite of assonance, which implies repetitive usage of vowel sounds. | ਵਿਅੰਜਨ ਆਵ੍ਰਿਤੀ **(Consonance)**<br>ਵਿਅੰਜਨ ਆਵ੍ਰਿਤੀ ਕਿਸੇ ਵਾਕ ਜਾਂ ਵਾਕਾਂਸ਼ ਵਿਚ ਵਿਅੰਜਨਾਂ ਦੇ ਛੇਤੀ ਛੇਤੀ ਦੁਹਰਾਏ ਜਾਣ ਤੇ ਪੈਦਾ ਹੋਈ ਧੁਨੀਆਂ ਨੂੰ ਕਹਿੰਦੇ ਹਨ। ਦੁਹਰਾਈ ਜਾਣ ਵਾਲੀ ਧੁਨੀ ਅਕਸਰ ਸ਼ਬਦ ਦੇ ਅੰਤ ਵਿਚ ਹੁੰਦੀ ਹੈ। ਵਿਅੰਜਨ ਆਵ੍ਰਿਤੀ ਸ੍ਵਰ ਆਵ੍ਰਿਤੀ ਦਾ ਵਿਪਰੀਤ ਹੈ ਕਿਉਂਕਿ ਉਸ ਵਿਚ ਸ੍ਵਰਾਂ ਨੂੰ ਦੁਹਰਾਇਆ ਜਾਂਦਾ ਹੈ। |

**Example:** He struck a streak of stunted luck.

<table>
<tr><th>ENGLISH</th><th>PUNJABI</th></tr>
<tr><td>Denotation<br>Denotation refers to the use of the dictionary definition or literal meaning of a word.</td><td>ਵਾਚਾਰਥ, ਮੁੱਖ ਅਰਥ (Denotation)<br>ਵਾਚਾਰਥ ਕਿਸੇ ਸ਼ਬਦ ਦੀ ਸ਼ਬਦਕੋਸ਼ ਵਿਚ ਦਿੱਤੀ ਹੋਈ ਪਰਿਭਾਸ਼ਾ ਜਾਂ ਸਿੱਧੇ ਅਰਥ ਨੂੰ ਕਹਿੰਦੇ ਹਨ।</td></tr>
<tr><td colspan="2">Example: “They built a house.”<br>In this sentence, “house” is meant literally as in a building where a family lives. If the word "home" was used instead in the sentence in place of "house", the meaning would not be as literal as there are many emotions associated with the word "home" beyond simply the structure where people live.</td></tr>
</table>

<table>
<tr><td>Deus ex Machina<br>Deus ex Machina refers to the incidence where an implausible concept of character is brought into the story in order to resolve the conflict in the story and to bring about a pleasing solution. The use of Deus ex Machina is not recommended as it is seen to be the mark of a poor plot that the writer needs to resort to random, insupportable and unbelievable twists and turns to reach the end of the story.</td><td>ਡੇਊਸ ਐਕਸ ਮਾਖੀਨਾ (Deus ex Machina)<br>ਡੇਊਸ ਐਕਸ ਮਾਖੀਨਾ ਉਸ ਘਟਨਾ ਨੂੰ ਕਹਿੰਦੇ ਹਨ ਜਦ ਕਹਾਣੀ ਵਿਚ ਕਿਸੇ ਵਿਵਾਦ ਨੂੰ ਖਤਮ ਕਰਨ ਅਤੇ ਉਸਦਾ ਇੱਕ ਸੁਖਾਵਾਂ ਹਲ ਕੱਢਣ ਲਈ ਕਿਰਦਾਰ ਦਾ ਕੋਈ ਅਸੰਭਾਵੀ ਸੰਕਲਪ ਸ਼ਾਮਲ ਕੀਤਾ ਜਾਂਦਾ ਹੈ। ਡੇਊਸ ਐਕਸ ਮਾਖੀਨਾ ਦੀ ਵਰਤੋਂ ਦੀ ਸਿਫਾਰਸ਼ ਨਹੀਂ ਕੀਤੀ ਜਾਂਦੀ ਕਿਉਂਕਿ ਲੇਖਕ ਦੁਆਰਾ ਕਹਾਣੀ ਨੂੰ ਬੇਤਰਤੀਬ, ਅਣਉਚਿਤ ਅਤੇ ਯਕੀਨ ਨਾ ਕਰਨ ਯੋਗ ਮੋੜ ਦੇ ਕੇ ਕਹਾਣੀ ਦੇ ਅੰਤ ਤਕ ਪਹੁੰਚਾਣਾ ਖਰਾਬ ਕਥਾਨਕ ਦੀ ਨਿਸ਼ਾਨੀ ਸਮਝਿਆ ਜਾਂਦਾ ਹੈ।</td></tr>
<tr><td colspan="2">Example: In Lord of the Flies by William Golding, stranded on a deserted island after a plane crash, a group of children have gone savage and are burning down the island. There seems to be no chance of rescue. However, a naval officer suddenly appears from out of nowhere and saves them. Thus the appearance of the officer is necessary to save the children from the impending disaster that they have created.</td></tr>
</table>

<table>
<tr><td>Diction<br>Diction is the distinctive tone or tenor of an author’s writings. Diction is not just a writer's choice of words,<br>it can include the mood, attitude, dialect and style of writing. Diction is usually judged with reference to the prevailing standards of proper writing and speech and is seen as the mark of quality of the writing. It is also understood as the selection of certain words or phrases that become peculiar to a writer.</td><td>ਬੋਲਣ-ਢੰਗ (Diction)<br>ਬੋਲਣ-ਢੰਗ ਕਿਸੇ ਲੇਖਕ ਦੀਆਂ ਰਚਨਾਵਾਂ ਦਾ ਲਹਿਜ਼ਾ ਅਤੇ ਪ੍ਰਵਾਹ ਹੈ। ਇਹ ਲੇਖਕ ਦੁਆਰਾ ਸਿਰਫ ਸ਼ਬਦਾਂ ਦੀ ਚੋਣ ਨਹੀਂ ਹੈ,<br>ਇਸ ਵਿਚ ਮੂਡ, ਰਵੱਈਆ, ਉਪਭਾਸ਼ਾ ਅਤੇ ਲੇਖਨ ਸ਼ੈਲੀ ਵੀ ਸ਼ਾਮਲ ਹਨ। ਬੋਲਣ-ਢੰਗ ਦੀ ਗੁਣਵੱਤਾ ਦਾ ਅਨੁਮਾਨ ਆਮ ਤੌਰ ਤੇ ਚੰਗੇ ਲੇਖਨ ਅਤੇ ਬੋਲਣ ਦੇ ਪ੍ਰਚਲਿਤ ਮਿਆਰਾਂ ਦੇ ਆਧਾਰ ਤੇ ਕੀਤਾ ਜਾਂਦਾ ਹੈ ਅਤੇ ਆਮ ਤੌਰ ਤੇ ਇਸਨੂੰ ਰਚਨਾ ਦੀ ਗੁਣਵੱਤਾ ਦਾ ਚਿੰਨ੍ਹ ਮੰਨਿਆ ਜਾਂਦਾ ਹੈ। ਇਸ ਨੂੰ ਲੇਖਕ ਦੁਆਰਾ ਕੁਝ ਸ਼ਬਦਾਂ ਜਾਂ ਵਾਕਾਂਸ਼ਾਂ ਦੀ ਚੋਣ ਵਜੋਂ ਵੀ ਸਮਝਿਆ ਜਾਂਦਾ ਹੈ ਜੋ ਇਸ ਲੇਖਕ ਦੀ ਵਿਸ਼ੇਸ਼ਤਾ ਬਣ ਜਾਂਦੇ ਹਨ।</td></tr>
<tr><td colspan="2">Example: Certain writers in the modern day and age use archaic terms such as “thy”, “thee” and “wherefore” to imbue a Shakespearean mood to their work.</td></tr>
</table>

| ENGLISH | PUNJABI |
|---|---|
| **Doppelganger**<br>Doppelganger is derived from German and literally translates into "double walker." It refers to a character in the story that is actually a counterfeit or a copy of a genuine character. Doppelgangers of the main characters usually bear the ability to impersonate the original but have vastly different spirits and intentions. The doppelganger might have a different appearance that allows it to fool other unsuspecting characters. | ਡੌਪਲਗੈਂਗਰ (ਡੁਪਲੀਕੇਟ) **(Doppelganger)**<br>"ਡੌਪਲਗੈਂਗਰ" ਇੱਕ ਜਰਮਨ ਸ਼ਬਦ ਹੈ ਜਿਸਦਾ ਸ਼ਾਬਦਿਕ ਅਨੁਵਾਦ "ਡਬਲ ਵਾਕਰ" ਜਾਂ "ਡੁਪਲੀਕੇਟ" ਹੈ। ਇਹ ਕਹਾਣੀ ਵਿਚ ਉਹ ਕਿਰਦਾਰ ਹੈ ਜੋ ਅਸਲ ਵਿਚ ਨਕਲੀ ਹੈ ਅਤੇ ਕਿਸੇ ਅਸਲੀ ਕਿਰਦਾਰ ਦੀ ਨਕਲ ਹੈ। ਮੁੱਖ ਕਿਰਦਾਰਾਂ ਦੇ ਡੁਪਲੀਕੇਟ ਆਮ ਤੌਰ ਤੇ ਅਸਲ ਵਿਅਕਤੀ ਬਣ ਕੇ ਦੂਜਿਆਂ ਨੂੰ ਧੋਖਾ ਦੇ ਸਕਦੇ ਹਨ ਪਰ ਉਹਨਾਂ ਦੇ ਰੁਝਾਨ ਅਤੇ ਇਰਾਦੇ ਬਹੁਤ ਵੱਖਰੇ ਹੁੰਦੇ ਹਨ। ਡੌਪਲਗੈਂਗਰ ਦੀ ਦਿੱਖ ਵੱਖਰੀ ਹੋ ਸਕਦੀ ਹੈ ਜਿਸਦੇ ਕਾਰਨ ਉਹ ਦੂਜੇ ਸਿੱਧੇ-ਸਾਦੇ ਲੋਕਾਂ ਨੂੰ ਬੇਵਕੂਫ ਬਣਾ ਸਕਦੇ ਹਨ। |
| **Example:** The idea of getting revenge is put in Hamlet's mind by the apparition of his father who tells him that he was murdered. The use of a doppelganger helps Shakespeare to set up the plot of **Hamlet** that revolves around the theme of revenge. | |

| | |
|---|---|
| **Ekphrastic**<br>Ekphrastic refers to a form of writing, mostly poetry, wherein the author describes another work of art, usually visual. It is used to convey the deeper symbolism of the corporeal art form by means of a separate medium. | ਐਕਫ੍ਰਾਸਟਿਕ **(Ekphrastic)**<br>ਐਕਫ੍ਰਾਸਟਿਕ, ਲੇਖਣ, ਜ਼ਿਆਦਾਤਰ ਕਵਿਤਾ, ਦਾ ਇੱਕ ਰੂਪ ਹੈ, ਜਿਸ ਵਿਚ ਲੇਖਕ ਕਿਸੇ ਹੋਰ ਕਲਾਕ੍ਰਿਤੀ, ਆਮ ਤੌਰ ਤੇ ਦਰਸ਼ੀ ਕਲਾਕ੍ਰਿਤੀ, ਦਾ ਵਰਨਨ ਕਰਦਾ ਹੈ। ਇਸ ਦੀ ਵਰਤੋਂ ਇੱਕ ਵੱਖਰੇ ਮਾਧਿਅਮ ਰਾਹੀਂ ਭੌਤਿਕ ਕਲਾ ਰੂਪ ਦੇ ਜ਼ਿਆਦਾ ਡੂੰਘੇ ਪ੍ਰਤੀਕ ਸਮੂਹ ਦੇ ਵਰਨਨ ਲਈ ਕੀਤੀ ਜਾਂਦੀ ਹੈ। |
| **Example:** A photograph of an empty landscape could transmit images of desolation, abandonment and great loss. | |

| | |
|---|---|
| **Epilogue**<br>The epilogue is a literary device that acts as an afterword at the conclusion of a literary work. The purpose of an epilogue can be to add a little insight into the plot, theme, or character/s. Epilogues can be written in a number of ways: the same narrative style in the story is continued, other times one of the characters might take up the narrative, or a single character can address the audience directly. | ਉਪਸੰਹਾਰ **(Epilogue)**<br>ਇਹ ਇੱਕ ਸਾਹਿਤਕ ਜੁਗਤ ਹੈ ਜੋ ਸਾਹਿਤਕ ਰਚਨਾ ਦੀ ਸਮਾਪਤੀ ਦੇ ਬਾਅਦ ਅੰਤ-ਭਾਸ਼ਣ ਦਾ ਕੰਮ ਕਰਦੀ ਹੈ। ਉਪਸੰਹਾਰ ਦਾ ਉਦੇਸ਼ ਕਥਾਨਕ, ਵਿਸ਼ੇ ਜਾਂ ਕਿਰਦਾਰ(ਰਾਂ) ਬਾਰੇ ਥੋੜੀ ਵਾਧੂ ਸੂਖਮ ਜਾਣਕਾਰੀ ਜੋੜਨਾ ਹੁੰਦਾ ਹੈ। ਉਪਸੰਹਾਰ ਕਈ ਤਰੀਕੇ ਨਾਲ ਲਿਖਿਆ ਜਾ ਸਕਦਾ ਹੈ: ਕਹਾਣੀ ਬਿਆਨ ਕਰਨ ਦੀ ਸ਼ੈਲੀ ਨੂੰ ਜਾਰੀ ਰੱਖਿਆ ਜਾ ਸਕਦਾ ਹੈ, ਕਈ ਵਾਰੀ ਕਹਾਣੀ ਨੂੰ ਕੋਈ ਹੋਰ ਕਿਰਦਾਰ ਜਾਰੀ ਰਖਦਾ ਹੈ ਜਾਂ ਕੋਈ ਇੱਕ ਕਿਰਦਾਰ ਸਿੱਧਾ ਪਾਠਕਾਂ ਨਾਲ ਗੱਲ ਕਰ ਸਕਦਾ ਹੈ। |
| **Example:** In a remarkable moment at the end of *The Tempest*, Shakespeare's wizard Prospero addresses the audience directly, breaking down the boundaries of the play. He informs them that the play is over, his powers are gone, and thus his escape from the play's island setting depends on their applause and that they, in effect, get to decide his fate. | |

| ENGLISH | PUNJABI |
|---|---|
| **Epithet**<br>An epithet is usually used to add an attribute to a person or place's original name. These descriptive words and phrases can be used to enhance the persona of real and fictitious people, divinities, places and objects. | ਗੁਣਸੂਚਕ ਨਾਮ **(Epithet)**<br>ਗੁਣਸੂਚਕ ਨਾਮ ਦੀ ਵਰਤੋਂ ਕਿਸੇ ਵਿਅਕਤੀ ਜਾਂ ਥਾਂ ਦੇ ਨਾਂ ਨਾਲ ਕੋਈ ਵਿਸ਼ੇਸ਼ਤਾ ਜਾਂ ਗੁਣ ਜੋੜਨ ਲਈ ਕੀਤੀ ਜਾਂਦੀ ਹੈ। ਇਹਨਾਂ ਵਰਣਨਾਤਮਕ ਸ਼ਬਦਾਂ ਜਾਂ ਵਾਕਾਂਸ਼ਾਂ ਦੀ ਵਰਤੋਂ ਕਿਸੇ ਵਾਸਤਵਿਕ ਜਾਂ ਕਾਲਪਨਿਕ ਵਿਅਕਤੀ, ਦੇਵੀ-ਦੇਵਤੇ, ਥਾਂ ਜਾਂ ਵਸਤੂ ਦੀ ਸ਼ਖਸੀਅਤ ਜਾਂ ਗੁਣਾਂ ਵਿਚ ਵਾਧਾ ਕਰਨ ਲਈ ਕੀਤੀ ਜਾ ਸਕਦੀ ਹੈ। |
| **Example:** "Alexander the Great" is the epithet commonly used to refer to Alexander III of Macedonia. He is known as "the great" both for his military genius and his diplomatic skills in handling the various populaces of the regions he conquered. | |

| | |
|---|---|
| **Essay**<br>An essay is a short form of literary composition based on a single subject matter, and often gives the personal opinion of an author. A famous English essayist Aldous Huxley defines essays as, "a literary device for saying almost everything about almost anything." | ਨਿਬੰਧ **(Essay)**<br>ਨਿਬੰਧ ਸਾਹਿਤਕ ਰਚਨਾ ਦਾ ਛੋਟਾ ਰੂਪ ਹੈ ਜੋ ਕਿਸੇ ਇੱਕ ਵਿਸ਼ਾ-ਵਸਤੂ ਤੇ ਅਧਾਰਤ ਹੁੰਦਾ ਹੈ, ਅਤੇ ਲੇਖਕ ਦੇ ਨਿਜੀ ਵਿਚਾਰ ਪ੍ਰਗਟ ਕਰਦਾ ਹੈ। ਮਸ਼ਹੂਰ ਇੰਗਲਿਸ਼ ਨਿਬੰਧਕਾਰ ਐਲਡਸ ਹਕਸਲੇ (Aldous Huxley) ਨੇ ਨਿਬੰਧ ਦੀ ਇਹ ਪਰਿਭਾਸ਼ਾ ਦਿੱਤੀ ਹੈ: "ਇਹ ਉਹ ਸਾਹਿਤਕ ਜੁਗਤ ਹੈ ਜਿਸ ਦੇ ਰਾਹੀਂ ਕਿਸੇ ਵੀ ਚੀਜ਼ ਦੇ ਬਾਰੇ ਸਭ ਕੁਝ ਦੱਸਿਆ ਜਾ ਸਕਦਾ ਹੈ।" |
| **Example:** "It was one place I had been looking forward to visiting while in Nigeria ... The place is unique in the Yoruba religion, and that intrigued me … As I passed through the gates I heard a squeaky voice. A diminutive middle-aged man came out from behind the trees — the caretaker. He worked a toothbrush-sized stick around in his mouth, digging into the crevices between algae'd stubs of teeth. He was barefoot; he wore a blue batik shirt known as a *buba*, baggy purple trousers, and an embroidered skullcap. I asked him if he would show me around the shrine. Motioning me to follow, he spat out the results of his stick work and set off down the trail."<br>*The Sacred Grove of Oshogbo* by Jeffrey Tayler. | |

| | |
|---|---|
| **Euphemism**<br>The term euphemism is used to refer to the practice of using a comparatively milder or less abrasive form of a negative description instead of its original form. This device is used when writing about matters such as sex, violence, death, crimes and "embarrassing" matters. The purpose of euphemisms is to substitute unpleasant and severe words with more polite words to mask the harshness. The use of euphemisms is sometimes manipulated to lend a touch of exaggeration or irony in satirical writing. | ਵਿਅੰਜਨਾ **(Euphemism)**<br>ਕਿਸੇ ਨਕਾਰਾਤਮਕ ਵਿਵਰਣ ਲਈ ਮੂਲ ਖਰ੍ਹਵੇਂ ਰੂਪ ਦੀ ਥਾਂ ਤੇ ਮੁਕਾਬਲਤਨ ਜ਼ਿਆਦਾ ਨਰਮ ਜਾਂ ਘੱਟ ਖਰ੍ਹਵੇਂ ਰੂਪ ਦੀ ਵਰਤੋਂ ਦੀ ਰਵਾਇਤ ਨੂੰ ਵਿਅੰਜਨਾ ਕਹਿੰਦੇ ਹਨ। ਇਸ ਜੁਗਤ ਦੀ ਵਰਤੋਂ ਸੈਕਸ, ਹਿੰਸਾ, ਮੌਤ, ਜੁਰਮ ਅਤੇ "ਪਰੇਸ਼ਾਨੀ ਵਿਚ ਪਾਉਣ ਵਾਲੇ" ਮਾਮਲਿਆਂ ਆਦਿ ਬਾਰੇ ਲਿਖਦੇ ਸਮੇਂ ਕੀਤੀ ਜਾਂਦੀ ਹੈ। ਵਿਅੰਜਨਾ ਦਾ ਉਦੇਸ਼ ਅਸੁਖਾਵੇਂ ਅਤੇ ਕਰੜੇ ਸ਼ਬਦਾਂ ਦੀ ਥਾਂ ਤੇ ਜ਼ਿਆਦਾ ਸ਼ਿਸ਼ਟ ਸ਼ਬਦਾਂ ਦੀ ਵਰਤੋਂ ਕਰਕੇ ਖਰ੍ਹਵੇਪਣ ਨੂੰ ਘੱਟ ਕਰਨਾ ਹੈ। ਕਈ ਵਾਰੀ ਵਿਅੰਜਨਾਂ ਦੀ ਵਰਤੋਂ ਵਿਅੰਗਾਤਮਕ ਲਿਖਤਾਂ ਵਿਚ ਅਤਿਕਥਨੀ ਜਾਂ ਤਨਜ਼ ਦੀ ਛੋਹ ਦੇਣ ਲਈ ਕੀਤੀ ਜਾਂਦੀ ਹੈ। |
| **Example:** When a person dies, people will say "he/she *passed away*". | |

| ENGLISH | PUNJABI |
|---|---|
| **Fable**<br>Fable is a literary device which can be defined as a concise and brief story intended to provide a moral lesson at the end.  In literature, it is described as a didactic lesson given through some sort of animal story. In prose and verse, a fable is described through plants, animals, forces of nature and inanimate objects by giving them human attributes wherein they demonstrate a moral lesson at the end. | **ਨੀਤੀ-ਕੱਥਾ, ਪਸ਼ੂ-ਕਥਾ (ਫੇਬਲ) (Fable)**<br>ਨੀਤੀ-ਕਥਾ ਇੱਕ ਸਾਹਿਤਕ ਜੁਗਤ ਹੈ ਜਿਸਨੂੰ ਇੱਕ ਅਜਿਹੀ ਸੰਖੇਪ, ਲਘੂ ਕਥਾ ਵਜੋਂ ਪਰਿਭਾਸ਼ਤ ਕੀਤਾ ਜਾ ਸਕਦਾ ਹੈ ਜਿਸਦਾ ਉਦੇਸ਼ ਅੰਤ ਵਿਚ ਇੱਕ ਨੈਤਿਕ ਸਿੱਖਿਆ ਦੇਣਾ ਹੈ। ਸਾਹਿਤ ਵਿਚ ਇਸ ਨੂੰ ਕਿਸੇ ਪਸ਼ੂ-ਕਥਾ ਰਾਹੀਂ ਦਿੱਤਾ ਜਾਣ ਵਾਲਾ ਉਪਦੇਸ਼ਾਤਮਕ ਪਾਠ ਕਹਿੰਦੇ ਹਨ। ਵਾਰਤਕ ਅਤੇ ਕਵਿਤਾ ਦੇ ਰੂਪ ਵਿਚ ਅਜਿਹੀ ਕਥਾ ਨੂੰ ਪੌਦਿਆਂ, ਪਸ਼ੂਆਂ, ਕੁਦਰਤੀ ਤਾਕਤਾਂ ਅਤੇ ਨਿਰਜੀਵ ਵਸਤਾਂ ਰਾਹੀਂ ਦੱਸਿਆ ਜਾਂਦਾ ਹੈ ਜਿਸਦੇ ਲਈ ਇਹਨਾਂ ਨੂੰ ਮਾਨਵੀ ਵਿਸ਼ੇਸ਼ਤਾਵਾਂ ਦਿੱਤੀਆਂ ਜਾਂਦੀਆਂ ਹਨ ਅਤੇ ਕਥਾ ਦੇ ਅੰਤ ਵਿਚ ਨੈਤਿਕ ਸਿੱਖਿਆ ਦਿੱਤੀ ਜਾਂਦੀ ਹੈ। |
| **Example:** A passage from *The Fox and the Crow* from Aesop's Fables:<br>"A crow was sitting on a branch of a tree with a piece of cheese in her beak when a fox observed her and set his wits to work to discover some way of getting the cheese. "Coming and standing under the tree he looked up and said, 'What a noble bird I see above me! Her beauty is without equal. Down came the cheese and the fox, snatching it up, said, 'You have a voice, madam, I see: what you want is wits…." | |

| | |
|---|---|
| **Faulty Parallelism**<br>In literature, the term parallelism is used to refer to the practice of placing together similarly structured, related phrases, words or clauses. Parallelism involves placing sentence items in a parallel grammatical format wherein nouns are listed together, specific verb forms are listed together and the like. However, when one fails to follow this parallel structure, it results in faulty parallelism. The failure to maintain a balance in grammatical forms is known as faulty parallelism wherein similar grammatical forms receive dissimilar or unequal weight. | **ਦੋਸ਼ਪੂਰਨ ਸਮਾਨਾਂਤਰਤਾ (Faulty Parallelism)**<br>ਸਾਹਿਤ ਵਿਚ ਸਮਾਨਾਂਤਰਤਾ ਸ਼ਬਦ ਦੀ ਵਰਤੋਂ ਇੱਕੋ ਜਿਹੀ ਸੰਰਚਨਾ ਵਾਲੇ ਅਤੇ ਆਪਸ ਵਿਚ ਸੰਬੰਧਿਤ ਵਾਕਾਂਸ਼ਾਂ, ਸ਼ਬਦਾਂ ਅਤੇ ਵਾਕ-ਖੰਡਾਂ ਨੂੰ ਇਕੱਠੇ ਰੱਖਣ ਦੀ ਰਵਾਇਤ ਨੂੰ ਕਹਿੰਦੇ ਹਨ। ਸਮਾਨਾਂਤਰਤਾ ਵਿਚ ਵਾਕ ਦੇ ਵਿਆਕਰਣ ਵਾਲੇ ਰੂਪਾਂ ਨੂੰ ਸਮਾਨਾਂਤਰ ਰੱਖਿਆ ਜਾਂਦਾ ਹੈ, ਜਿਵੇਂ, ਸੰਗਿਆ ਦੇ ਰੂਪਾਂ ਨੂੰ ਇਕੱਠਾ ਰੱਖਿਆ ਜਾਂਦਾ ਹੈ, ਵਿਸ਼ੇਸ਼ ਕ੍ਰਿਆ ਰੂਪਾਂ ਨੂੰ ਇਕੱਠਾ ਰੱਖਿਆ ਜਾਂਦਾ ਹੈ, ਆਦਿ। ਪਰ, ਜਦ ਇਸ ਸਮਾਨਾਂਤਰ ਸੰਰਚਨਾ ਦੀ ਪਾਲਣਾ ਨਹੀਂ ਹੁੰਦੀ ਤਾਂ ਨਤੀਜੇ ਵਜੋਂ ਦੋਸ਼ਪੂਰਨ ਸਮਾਨਾਂਤਰਤਾ ਦੀ ਰਚਨਾ ਹੁੰਦੀ ਹੈ। ਵਿਆਕਰਣ ਦੇ ਰੂਪਾਂ ਦੇ ਸੰਤੁਲਨ ਨੂੰ ਬਰਕਰਾਰ ਨਾ ਰੱਖ ਸਕਣਾ ਦੋਸ਼ਪੂਰਨ ਸਮਾਨਾਂਤਰਤਾ ਕਹਿਲਾਉਂਦਾ ਹੈ ਅਤੇ ਇਸ ਵਿਚ ਇੱਕੋ ਜਿਹੇ ਵਿਆਕਰਣੀ ਰੂਪਾਂ ਨੂੰ ਵੱਖੋ ਵੱਖਰਾ ਜਾਂ ਅਸਮਾਨ ਵਜ਼ਨ ਮਿਲਦਾ ਹੈ। |
| **Example:** Parallelism: She likes to talk but not to listen. Faulty Parallelism: She likes talking but not to listen. | |

| ENGLISH | PUNJABI |
|---|---|
| **Flashback**<br>Flashback is a literary device wherein the author depicts the occurrence of specific events to the reader which have taken place before the present time the narration is following, or events that have happened before the events that are currently unfolding in the story. Flashback devices that are commonly used are past narratives by characters, depictions and references of dreams and memories and a sub device known as authorial sovereignty wherein the author directly chooses to refer to a past occurrence by bringing it up in a straightforward manner. | ਪੂਰਵ-ਦ੍ਰਿਸ਼ (ਫਲੈਸ਼ ਬੈਕ) **(Flashback)**<br>ਪੂਰਵ-ਦ੍ਰਿਸ਼ ਇੱਕ ਸਾਹਿਤਕ ਜੁਗਤ ਹੈ ਜਿਸ ਵਿਚ ਲੇਖਕ ਕਹਾਣੀ ਵਿਚ ਵਰਤਮਾਨ ਵਿਚ ਵਰਨਨ ਕੀਤੀਆਂ ਜਾ ਰਹੀਆਂ ਘਟਨਾਵਾਂ ਤੋਂ ਹਟ ਕੇ ਪਾਠਕ ਨੂੰ ਇਸ ਤੋਂ ਪਹਿਲਾਂ ਹੋਈਆਂ ਘਟਨਾਵਾਂ ਜਾਂ ਬੀਤੇ ਸਮੇਂ ਦੀਆਂ ਕੁਝ ਖਾਸ ਘਟਨਾਵਾਂ ਦਾ ਵਰਨਨ ਕਰਦਾ ਹੈ। ਪੂਰਵ-ਦ੍ਰਿਸ਼ ਲਈ ਆਮ ਵਰਤੀਆਂ ਜਾਣ ਵਾਲੀਆਂ ਤਕਨੀਕਾਂ ਵਿਚ ਕਿਰਦਾਰਾਂ ਦੁਆਰਾ ਬੀਤੇ ਸਮੇਂ ਬਾਰੇ ਬਿਰਤਾਂਤ, ਸੁਫਨਿਆਂ ਅਤੇ ਯਾਦਾਂ ਦਾ ਵਰਨਨ ਜਾਂ ਜ਼ਿਕਰ, ਅਤੇ ਲੇਖਕ ਪ੍ਰਭੁਸੱਤਾ ਨਾਂ ਦੀ ਉਪ-ਜੁਗਤ ਦੀ ਵਰਤੋਂ ਕੀਤੀ ਜਾਂਦੀ ਹੈ ਜਿਸ ਵਿਚ ਲੇਖਕ ਪਿਛਲੇ ਕਿਸੇ ਘਟਨਾ ਦਾ ਸਿੱਧਾ ਹਵਾਲਾ ਦੇਣ ਦੀ ਚੋਣ ਕਰਦਾ ਹੈ ਅਤੇ ਉਸ ਨੂੰ ਸਿੱਧੇ ਤੌਰ ਤੇ ਪ੍ਰਸਤੁਤ ਕਰਦਾ ਹੈ। |

**Example:** In Wuthering Heights by Emily Bronte, Cathy is dead. Mr. Lockwood sees Cathy’s name written all over the windowsill and then has a vexing dream about her. When he talks about the dream to Heathcliff, Heathcliff becomes too distressed. Mr. Lockwood wants to know why the mention of Cathy upsets him. The flashbacks are means to show the love that Heathcliff and Cathy had for each other.

| | |
|---|---|
| **Foil**<br>A foil is another character in a story who contrasts with the main character, usually to highlight one of their attributes. | ਫੌਇਲ **(Foil)**<br>ਫੌਇਲ ਕਹਾਣੀ ਦਾ ਇੱਕ ਹੋਰ ਕਿਰਦਾਰ ਹੈ ਜੋ ਮੁੱਖ ਕਿਰਦਾਰ ਦਾ ਵਿਪਰੀਤ ਹੈ ਅਤੇ ਉਸ ਦੇ ਨਾਲ ਤੁਲਨਾ ਕਰਕੇ ਆਮ ਤੌਰ ਤੇ ਮੁੱਖ ਕਿਰਦਾਰ ਦੇ ਕਿਸੇ ਗੁਣ ਉੱਪਰ ਰੌਸ਼ਨੀ ਪਾਈ ਜਾਂਦੀ ਹੈ। |

**Example:** In the popular book series, *Harry Potter*, the character of Hogwarts principal Albus Dumbledore, who portrays “good”, is constantly shown to believe in the power of true love (of all forms and types) and is portrayed as a strong, benevolent and positive character. On the other hand, the antagonist Lord Voldemort, who depicts the evil and “bad” in the series, is constantly shown to mock and disbelieve the sentiment of love and think of it as a foolish indulgence.

| | |
|---|---|
| **Foreshadowing**<br>Foreshadowing refers to the use of indicative words or phrases that set the stage for a story to unfold and give the reader an indication of something that is going to happen without revealing the story or spoiling the suspense. Foreshadowing is used to suggest an upcoming outcome to the story. | ਅਗਾਊਂ ਚੇਤਾਵਨੀ **(Foreshadowing)**<br>ਅਗਾਊਂ ਚੇਤਾਵਨੀ ਅਜਿਹੇ ਸੰਕੇਤਕ ਸ਼ਬਦਾਂ ਅਤੇ ਵਾਕਾਂਸ਼ਾਂ ਦੀ ਵਰਤੋਂ ਹੈ ਜੋ ਕਹਾਣੀ ਦੀ ਇੱਕ ਤਹਿ ਖੁੱਲ੍ਹਣ ਦੀ ਤਿਆਰੀ ਦੱਸਦੀ ਹੈ ਅਤੇ ਪਾਠਕ ਨੂੰ ਇਸ਼ਾਰਾ ਕਰਦੀ ਹੈ ਕਿ ਹੁਣ ਕੁਝ ਹੋਣ ਵਾਲਾ ਹੈ ਪਰ ਕਹਾਣੀ ਨਹੀਂ ਦੱਸਦੀ ਅਤੇ ਰਹੱਸ ਬਰਕਰਾਰ ਰੱਖਦੀ ਹੈ। ਅਗਾਊਂ ਚੇਤਾਵਨੀ ਦੀ ਵਰਤੋਂ ਕਹਾਣੀ ਦੇ ਆਉਣ ਵਾਲੇ ਸਿੱਟੇ ਨੂੰ ਸੁਝਾਉਂਦੀ ਹੈ। |

**Example:** “He had no idea of the disastrous chain of events to follow”.

In this sentence, while the protagonist is clueless of further developments, the reader learns that something disastrous and problematic is about to happen to the protagonist.

<table>
<tr><th>ENGLISH</th><th>PUNJABI</th></tr>
<tr><td>Genre<br>Genre means the type of art, literature or music characterized by a specific form, content and style. For example, literature has four main genres: poetry, drama, fiction and non-fiction. All of these genres have particular features and functions that distinguish them from one another. Hence, it is necessary on the part of readers to know which genre they are reading in order to understand the message being conveyed.</td><td>ਵਿਧਾ (Genre)<br>ਵਿਧਾ ਦਾ ਅਰਥ ਹੈ ਇੱਕ ਵਿਸ਼ੇਸ਼ ਰੂਪ, ਵਿਸ਼ਾ-ਵਸਤੂ ਅਤੇ ਸ਼ੈਲੀ ਦੀ ਵਿਸ਼ੇਸ਼ਤਾ ਵਾਲੀ ਕਲਾ, ਸਾਹਿਤ ਜਾਂ ਸੰਗੀਤ ਦੀ ਕਿਸਮ। ਉਦਾਹਰਨ ਲਈ, ਸਾਹਿਤ ਦੀਆਂ ਚਾਰ ਮੁੱਖ ਵਿਧਾਵਾਂ ਹਨ: ਕਾਵਿ-ਕਲਾ, ਨਾਟਕ, ਗਲਪ ਅਤੇ ਗੈਰ-ਗਲਪ। ਇਹਨਾਂ ਵਿਚੋਂ ਹਰ ਵਿਧਾ ਦੇ ਆਪਣੀਆਂ ਵਿਸ਼ੇਸ਼ਤਾਵਾਂ ਅਤੇ ਕਾਰਜ ਹਨ ਜੋ ਉਸਨੂੰ ਦੂਜੀਆਂ ਵਿਧਾਵਾਂ ਤੋਂ ਵੱਖ ਕਰਦੇ ਹਨ। ਇਸ ਲਈ ਪਾਠਕਾਂ ਲਈ ਇਹ ਜਾਣਨਾ ਬਹੁਤ ਜ਼ਰੂਰੀ ਹੈ ਕਿ ਉਹ ਕਿਹੜੀ ਵਿਧਾ ਪੜ੍ਹ ਰਹੇ ਹਨ ਤਾਂ ਜੋ ਉਹ ਰਚਨਾ ਵਿਚ ਦਿੱਤੇ ਜਾ ਰਹੇ ਸੁਨੇਹੇ ਨੂੰ ਸਮਝ ਸਕਣ।</td></tr>
<tr><td colspan="2">Example: Genre includes works such as comedy, folktales, romance, horror, tragedy, adventure, suspense, science fiction, novels, historical novel, short story, and more.</td></tr>
</table>

<table>
<tr><td>Hubris<br>Hubris (also hybris) is a negative term implying both arrogance, excessive self-pride or self-confidence. Hubris often indicates being out of touch with reality and overestimating one's own competence or capabilities. Hubris is generally considered the “tragic flaw” of the protagonist that leads to his/her downfall.</td><td>ਹੂਬਰਿਸ (Hubris)<br>ਹੂਬਰਿਸ (ਜਾਂ ਹਾਇਬ੍ਰਿਸ) ਇੱਕ ਨਕਾਰਾਤਮਕ ਪਰਿਭਾਸ਼ਕ ਸ਼ਬਦ ਹੈ ਜਿਸਦੇ ਵਿਚ ਹੰਕਾਰ, ਬਹੁਤ ਜ਼ਿਆਦਾ ਸਵੈ-ਅਭਿਮਾਨ ਜਾਂ ਆਤਮ-ਵਿਸ਼ਵਾਸ ਨਿਹਿਤ ਹੈ। ਹੂਬਰਿਸ ਅਕਸਰ ਵਾਸਤਵਿਕਤਾ ਦੇ ਬਾਰੇ ਅਗਿਆਨ ਅਤੇ ਆਪਣੀ ਸਮਰੱਥਾ ਜਾਂ ਯੋਗਤਾ ਦੇ ਅਤਿ-ਮੁਲਾਂਕਣ ਵਲ ਇਸ਼ਾਰਾ ਕਰਦਾ ਹੈ।  ਹੂਬਰਿਸ ਨੂੰ ਆਮ ਤੌਰ ਤੇ ਮੁੱਖ ਪਾਤਰ ਦੀ “ਦੁਖਦਾਈ ਕਮੀ” ਸਮਝਿਆ ਜਾਂਦਾ ਹੈ ਜਿਸਦੇ ਨਤੀਜੇ ਵਜੋਂ ਉਸਦਾ ਪਤਨ ਹੁੰਦਾ ਹੈ।</td></tr>
<tr><td colspan="2">Example: In Macbeth by William Shakespeare, the protagonist, overfilled with ambition and arrogance, allows his hubris to think he would be able to kill the valiant Duncan without penalty so he can claim the throne of Scotland for himself. Obviously murder is highly frowned upon, so this eventually leads to Macbeth’s demise.</td></tr>
</table>

<table>
<tr><td>Hyperbaton<br>A hyperbaton is a literary device wherein the author plays with the regular positioning of words and phrases and creates a differently structured sentence to convey the same meaning.  It is said that by using a hyperbaton, words or phrases overstep their conventional placements and result in a more complex and intriguing sentence structure.</td><td>ਹਾਈਪਰਬੇਟਨ<br>ਹਾਈਪਰਬੇਟਨ ਇੱਕ ਸਾਹਿਤਕ ਜੁਗਤ ਹੈ ਜਿਸ ਵਿਚ ਲੇਖਕ ਸ਼ਬਦਾਂ ਅਤੇ ਵਾਕਾਂਸ਼ਾਂ ਦੀ ਨਿਯਮਿਤ ਥਾਂ ਨੂੰ ਬਦਲਦਾ ਹੈ ਅਤੇ ਇੱਕ ਦੂਜੀ ਬਣਤਰ ਵਾਲੇ ਵਾਕ ਦੀ ਰਚਨਾ ਕਰਦਾ ਹੈ ਜਿਸਦਾ ਅਰਥ ਪਹਿਲੇ ਵਾਂਗ ਹੀ ਰਹਿੰਦਾ ਹੈ। ਕਹਿੰਦੇ ਹਨ ਕਿ ਹਾਈਪਰਬੇਟਨ ਦੀ ਵਰਤੋਂ ਨਾਲ ਸ਼ਬਦ ਅਤੇ ਵਾਕਾਂਸ਼ ਆਪਣੀ ਨਿਯਮਿਤ ਥਾਂ ਤੋਂ ਹਟ ਜਾਂਦੇ ਹਨ ਜਿਸਦੇ ਨਤੀਜੇ ਵਜੋਂ ਵਾਕ ਦੀ ਬਣਤਰ ਜ਼ਿਆਦਾ ਗੁੰਝਲਦਾਰ ਅਤੇ ਦਿਲਚਸਪ ਬਣ ਜਾਂਦੀ ਹੈ</td></tr>
<tr><td colspan="2">Example: "Alone he walked on the cold, lonely roads".<br>This sentence is a variation of the more conventional:  "He walked alone on the cold, lonely roads".</td></tr>
</table>

| ENGLISH | PUNJABI |
|---|---|
| **Hyperbole**<br>A hyperbole is when the author uses specific words and phrases that exaggerate and overemphasize the basic crux of the statement in order to produce a grander, more noticeable effect. The purpose of hyperbole is to create a larger-than-life effect and overly stress a specific point. Such sentences usually convey an action or sentiment that is generally not practically realistically possible or plausible but helps emphasize an emotion. | ਅਤਿ-ਕਥਨੀ (ਹਾਈਪਰਬੋਲਾ) **(Hyperbole)**<br>ਅਤਿਕਥਨੀ ਤਾਂ ਹੁੰਦੀ ਹੈ ਜਦ ਲੇਖਕ, ਜ਼ਿਆਦਾ ਸ਼ਾਨਦਾਰ ਅਤੇ ਜ਼ਿਆਦਾ ਨਜ਼ਰ ਆਉਣ ਵਾਲੇ ਅਸਰ ਪਾਉਣ ਲਈ, ਕੁਝ ਅਜਿਹੇ ਸ਼ਬਦਾਂ ਅਤੇ ਵਾਕਾਂਸ਼ਾਂ ਦੀ ਵਰਤੋਂ ਕਰਦਾ ਹੈ ਜੋ ਮੂਲ ਕਥਨ ਦੇ ਸਾਰ ਨੂੰ ਵਧਾ-ਚੜ੍ਹਾ ਕੇ ਅਤੇ ਬਹੁਤ ਜ਼ਿਆਦਾ ਜ਼ੋਰ ਪਾ ਕੇ ਦੱਸਦੇ ਹਨ। ਅਤਿ-ਕਥਨੀ ਦਾ ਉਦੇਸ਼ ਇੱਕ ਬਹੁਤ ਵੱਡਾ ਅਸਰ ਛੱਡਣਾ ਅਤੇ ਕਿਸੇ ਖਾਸ ਮੁੱਦੇ ਤੇ ਬੇਹੱਦ ਜ਼ੋਰ ਪਾਉਣਾ ਹੁੰਦਾ ਹੈ। ਆਮ ਤੌਰ ਤੇ ਇਹ ਵਾਕ ਕਿਸੇ ਅਜਿਹੇ ਕੰਮ ਜਾਂ ਜਜ਼ਬੇ ਬਾਰੇ ਦੱਸਦੇ ਹਨ ਜੋ ਅਮਲੀ ਜਾਂ ਸੁਭਾਵਕ ਤੌਰ ਤੇ ਮੁਮਕਿਨ ਜਾਂ ਮੰਨਣਯੋਗ ਨਹੀਂ ਹੁੰਦਾ ਪਰ ਇਸ ਨਾਲ ਕਿਸੇ ਭਾਵਨਾ ਦੇ ਉੱਪਰ ਜ਼ੋਰ ਪਾਉਣ ਵਿਚ ਮਦਦ ਮਿਲਦੀ ਹੈ। |
| **Example:** “I’m so sleepy I might fall asleep standing here.” | |

| | |
|---|---|
| **Imagery**<br>Imagery is when the author uses words and phrases to create mental images for the reader. Imagery helps the reader to visualize more realistically the author’s writings. Imagery uses metaphors, allusions, descriptive words and similes in order to awaken the readers’ sensory perceptions. It is not limited to only visual sensations, but also refers to igniting kinesthetic, olfactory, tactile, gustatory, thermal and auditory sensations as well. | ਬਿੰਬਾਵਲੀ (ਇਮੇਜਰੀ) **(Imagery)**<br>ਜਦ ਲੇਖਕ ਸ਼ਬਦਾਂ ਅਤੇ ਵਾਕਾਂਸ਼ਾਂ ਦੀ ਵਰਤੋਂ ਪਾਠਕ ਦੇ ਮਨ ਵਿਚ ਕਾਲਪਨਿਕ ਤਸਵੀਰਾਂ ਬਣਾਉਣ ਲਈ ਕਰਦਾ ਹੈ ਇਸ ਨੂੰ ਬਿੰਬਾਵਲੀ ਜਾਂ ਇਮੇਜਰੀ ਕਹਿੰਦੇ ਹਨ। ਬਿੰਬਾਵਲੀ ਲੇਖਕ ਦੀਆਂ ਲਿਖਤਾਂ ਨੂੰ ਪਾਠਕ ਦੇ ਮਨ ਵਿਚ ਜ਼ਿਆਦਾ ਸੁਭਾਵਕ ਰੂਪ ਵਿਚ ਸਾਕਾਰ ਕਰਨ ਵਿਚ ਮਦਦ ਕਰਦੀ ਹੈ। ਬਿੰਬਾਵਲੀ ਵਿਚ ਰੂਪਕਾਂ, ਸੰਕੇਤਾਂ, ਵਿਆਖਿਆਤਮਕ ਸ਼ਬਦਾਂ ਅਤੇ ਉਪਮਾਵਾਂ ਦੀ ਵਰਤੋਂ ਪਾਠਕਾਂ ਦੇ ਸੰਵੇਦੀ ਬੋਧ ਨੂੰ ਜਗਾਉਣ ਲਈ ਕੀਤੀ ਜਾਂਦੀ ਹੈ। ਇਹ ਸਿਰਫ ਦ੍ਰਿਸ਼ਟੀਗਤ ਸੰਵੇਦਨਾ ਤਕ ਸੀਮਤ ਨਹੀਂ ਹੈ, ਬਲਕਿ ਮਾਸ-ਪੇਸ਼ੀਆਂ, ਸੁੰਘਣ, ਸਪਰਸ਼, ਸੁਆਦ, ਤਾਪ ਅਤੇ ਸੁਣਨ ਦੀਆਂ ਸੰਵੇਦਨਾਵਾਂ ਨੂੰ ਵੀ ਜਗਾਉਂਦੀ ਹੈ। |
| **Example:** The gushing brook stole its way down the lush green mountains, dotted with tiny flowers in a riot of colors and trees coming alive with gaily chirping birds. | |

| | |
|---|---|
| **Internal Rhyme**<br>Internal rhyme is a practice of forming a rhyme in only one single line of verse. An internal rhyme is also known as the middle rhyme because it is typically constructed in the middle of a line to rhyme with the bit at the end of the same metrical line. | ਅੰਦਰੂਨੀ ਕਾਫੀਆ **(Internal Rhyme)**<br>ਅੰਦਰੂਨੀ ਕਾਫੀਆ ਕਵਿਤਾ ਦੀ ਸਿਰਫ ਇੱਕ ਪੰਕਤੀ ਦੇ ਵਿਚ ਕਾਫੀਆ ਬਣਾਉਣ ਦਾ ਵਿਹਾਰ ਹੈ। ਅੰਦਰੂਨੀ ਕਾਫੀਆ ਨੂੰ ਮੱਧ ਕਾਫੀਆ ਵੀ ਕਹਿੰਦੇ ਹਨ ਕਿਉਂਕਿ ਆਮ ਤੌਰ ਤੇ ਪੰਕਤੀ ਦੇ ਮੱਧ ਵਿਚ ਬਣਾਇਆ ਗਿਆ ਕਾਫੀਆ ਉਸੇ ਕਾਵਿ ਪੰਕਤੀ ਦੇ ਅੰਤ ਨਾਲ ਮੇਲ ਖਾਂਦਾ ਹੈ। |
| **Example:** The line from the famed poem *Ancient Mariner*, "We were the first that ever burst". | |

| ENGLISH | PUNJABI |
| --- | --- |
| **Inversion**<br>Inversion refers to the practice of changing the conventional placement of words for the purpose of laying emphasis. This literary device is more prevalent in poetry than prose because it helps to arrange the poem in a manner that catches the attention of the reader, not only with its content but also with its physical appearance as a result of the peculiar structure. | ਉਲਟਾਉ **(Inversion)**<br>ਉਲਟਾਉ ਜ਼ੋਰ ਪਾਉਣ ਦੇ ਉਦੇਸ਼ ਨਾਲ ਸ਼ਬਦਾਂ ਦੀ ਰਵਾਇਤੀ ਥਾਂ ਨੂੰ ਬਦਲਣਾ ਹੈ। ਇਸ ਸਾਹਿਤਕ ਜੁਗਤ ਦੀ ਵਰਤੋਂ ਵਾਰਤਕ ਦੀ ਬਜਾਇ ਸ਼ਾਇਰੀ ਵਿਚ ਜ਼ਿਆਦਾ ਹੁੰਦੀ ਹੈ ਕਿਉਂਕਿ ਇਸ ਨਾਲ ਕਵਿਤਾ ਨੂੰ ਇਸ ਤਰੀਕੇ ਨਾਲ ਪ੍ਰਬੰਧਤ ਕੀਤਾ ਜਾ ਸਕਦਾ ਹੈ ਕਿ ਉਹ, ਸਿਰਫ ਆਪਣੀ ਵਿਸ਼ਾ-ਵਸਤੂ ਰਾਹੀਂ ਹੀ ਨਹੀਂ ਬਲਕਿ ਆਪਣੀ ਵਿਸ਼ੇਸ਼ ਬਣਤਰ ਦੇ ਕਾਰਨ ਭੌਤਿਕ ਦਿੱਖ ਰਾਹੀਂ ਵੀ, ਪਾਠਕ ਦਾ ਧਿਆਨ ਆਪਣੇ ਵਲ ਖਿਚ ਸਕੇ। |
| **Example:** In *Paradise Lost*, Milton wrote: "Of man's first disobedience, and the fruit of that forbidden tree, whose mortal taste brought death into the world, and all our woe, with loss of Eden, till one greater man restore us, and regain the blissful seat. Sing Heav'nly Muse..." | |

| | |
| --- | --- |
| **Irony**<br>Irony refers to playing around with words such that the meaning implied by a sentence or word is actually different from the literal meaning. Often irony is used to suggest the stark contrast of the literal meaning. The deeper, real layer of significance is revealed not by the words themselves but the situation and the context in which they are placed. | ਵਿਅੰਗ, ਤਨਜ਼ (ਆਇਰਨੀ) **(Irony)**<br>ਤਨਜ਼ ਜਾਂ ਆਇਰਨੀ ਸ਼ਬਦਾਂ ਉਹ ਖੇਡ ਹੈ ਜਿਸ ਵਿਚ ਕਿਸੇ ਵਾਕ ਜਾਂ ਸ਼ਬਦ ਦਾ ਨਿਹਿਤ ਅਰਥ ਅਸਲ ਵਿਚ ਉਸਦੇ ਸ਼ਾਬਦਿਕ ਅਰਥ ਤੋਂ ਵੱਖਰਾ ਹੁੰਦਾ ਹੈ। ਅਕਸਰ ਤਨਜ਼ ਦੀ ਵਰਤੋਂ ਸ਼ਾਬਦਿਕ ਅਰਥ ਦਾ ਵਿਪਰੀਤ ਸੁਝਾਉਣ ਲਈ ਕੀਤੀ ਜਾਂਦੀ ਹੈ। ਜ਼ਿਆਦਾ ਡੂੰਘੀ, ਮਹੱਤਵ ਦੀ ਅਸਲ ਪਰਤ, ਸ਼ਬਦਾਂ ਰਾਹੀਂ ਨਹੀਂ ਖੁੱਲ੍ਹਦੀ ਬਲਕਿ ਉਸ ਸਥਿਤੀ ਅਤੇ ਸੰਦਰਭ ਰਾਹੀਂ ਖੁੱਲ੍ਹਦੀ ਹੈ ਜਿਸ ਵਿਚ ਇਹ ਸ਼ਬਦ ਬੋਲੇ ਜਾਂਦੇ ਹਨ। |
| **Example:** Sentence: “Oh! What fine luck I have!”<br>This sentence on the surface conveys that the speaker is happy with their luck but actually what they mean is that they are extremely unhappy and dissatisfied with their bad luck. | |

| | |
| --- | --- |
| **Juxtaposition**<br>Juxtaposition is when the author places a person, concept, place, idea or theme parallel to another. The purpose of juxtaposing two directly or indirectly related entities close together is to highlight the contrast between the two and compare them. This literary device is usually used for etching out a character in detail, creating suspense or lending a rhetorical effect. | ਸਮੀਪਤਾ (ਜਕਸਟਾਪੋਜ਼ੀਸ਼ਨ) **(Juxtaposition)**<br>ਸਮੀਪਤਾ ਜਾਂ ਜਕਸਟਾਪੋਜ਼ੀਸ਼ਨ ਉਹ ਸਥਿਤੀ ਹੈ ਜਦ ਲੇਖਕ ਕਿਸੇ ਵਿਅਕਤੀ, ਧਾਰਨਾ, ਥਾਂ, ਵਿਚਾਰ ਜਾਂ ਵਿਸ਼ੇ ਨੂੰ ਕਿਸੇ ਹੋਰ ਦੇ ਸਮਾਨਾਂਤਰ ਰੱਖਦਾ ਹੈ। ਦੋਨਾਂ, ਸਿੱਧੇ ਜਾਂ ਅਸਿੱਧੇ ਤੌਰ ਤੇ ਸਬੰਧਤ ਹੋਂਦਾਂ ਨੂੰ ਇੱਕ ਦੂਜੇ ਦੇ ਸਮੀਪ ਸਮਾਨਾਂਤਰ ਰੱਖਣ ਦਾ ਉਦੇਸ਼ ਇਹਨਾਂ ਦੋਨਾਂ ਦੀ ਤੁਲਨਾ ਕਰਨਾ ਅਤੇ ਉਹਨਾਂ ਦੇ ਵਿਚਕਾਰ ਅੰਤਰ ਦੇ ਉੱਪਰ ਰੌਸ਼ਨੀ ਪਾਉਣਾ ਹੈ। ਇਸ ਸਾਹਿਤਕ ਜੁਗਤ ਦੀ ਵਰਤੋਂ ਕਿਸੇ ਕਿਰਦਾਰ ਦੀ ਵਿਸਤਾਰਪੂਰਨ ਤਸਵੀਰ ਬਣਾਉਣ, ਉਤਸੁਕਤਾ ਬਰਕਰਾਰ ਰੱਖਣ ਜਾਂ ਅਲੰਕਾਰਕ ਅਸਰ ਪੈਦਾ ਕਰਨ ਲਈ ਕੀਤੀ ਜਾਂਦੀ ਹੈ। |
| **Example:** In *Paradise Lost*, Milton has used juxtaposition to draw a parallel between the two protagonists, Satan and God, who he discusses by placing their traits in comparison with one another to highlight their differences. | |

| ENGLISH | PUNJABI |
|---|---|
| **Litotes**<br>Litotes are a literary term that uses an understated statement of an affirmative by using a negative description. Litotes are sometimes called an ironical understatement and/or an avoidance of a truth which can be either positive or negative. | **ਵਕਰੋਤੀ ਅਲੰਕਾਰ (ਲਾਇਟੋਟਸ) (Litotes)**<br>ਵਕਰੋਤੀ ਉਹ ਸਾਹਿਤਕ ਪਰਿਭਾਸ਼ਕ ਸ਼ਬਦ ਹੈ ਜਿਸ ਵਿਚ ਨਕਾਰਾਤਮਕ ਵਿਆਖਿਆ ਰਾਹੀਂ ਕਿਸੇ ਸਕਾਰਾਤਮਕ ਵਸਤੂ ਜਾਂ ਵਿਅਕਤੀ ਦੇ ਬਾਰੇ ਕਥਨ ਨੂੰ ਘੱਟ ਸਕਾਰਾਤਮਕ ਬਣਾਇਆ ਜਾ ਸਕਦਾ ਹੈ। ਵਕਰੋਤੀ ਨੂੰ ਕਈ ਵਾਰੀ ਤਨਜ਼ ਵਾਲੀ ਨਿਊਨੋਕਤੀ (ਅੰਡਰਸਟੇਟਮੈਂਟ) ਅਤੇ/ਜਾਂ ਕਿਸੇ ਸਚਾਈ ਤੋਂ ਗੁਰੇਜ਼ ਕਰਨਾ ਕਹਿੰਦੇ ਹਨ ਜੋ ਸਕਾਰਾਤਮਕ ਜਾਂ ਨਕਾਰਾਤਮਕ ਹੋ ਸਕਦੀ ਹੈ |
| **Example:** Common examples: “I'm not feeling bad,” or “he's definitely not a rocket scientist.”<br>The actual meanings are: “I am feeling well,” and “he is not smart.” | |

| | |
|---|---|
| **Malapropism**<br>Malapropism refers to the practice of misusing words by substituting them with similar sounding words that have different, often unconnected meanings, and thus creating a situation of confusion, misunderstanding and amusement. Malapropism is used to convey that the speaker is flustered, bothered, unaware or confused and as a result cannot employ proper diction. A trick to using malapropism is to ensure that the two words (the original and the substitute) sound similar enough for the reader to catch onto the intended switch and find humor in the result. | **ਸ਼ਬਦ ਦੀ ਅਸੰਗਤ ਵਰਤੋਂ (ਮੈਲਾਪ੍ਰੋਪਿਜ਼ਮ) (Malapropism)**<br>ਮੈਲਾਪ੍ਰੋਪਿਜ਼ਮ ਸ਼ਬਦਾਂ ਦੀ ਦੁਰਵਰਤੋਂ ਦਾ ਵਿਹਾਰ ਹੈ ਜਿਸ ਵਿਚ ਇਹਨਾਂ ਸ਼ਬਦਾਂ ਦੀ ਥਾਂ ਤੇ ਉਹਨਾਂ ਵਰਗੇ ਸੁਣਾਈ ਦੇਣ ਵਾਲੇ ਦੂਜੇ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ ਜਿਨ੍ਹਾਂ ਦੇ ਅਰਥ ਵੱਖਰੇ ਹੁੰਦੇ ਹਨ ਅਤੇ ਅਕਸਰ ਆਪਸ ਵਿਚ ਜੁੜੇ ਨਹੀਂ ਹੁੰਦੇ, ਜਿਸ ਕਰਕੇ ਉਲਝਣ, ਗਲਤਫਹਿਮੀ ਅਤੇ ਮਨੋਰੰਜਨ ਵਾਲੀ ਸਥਿਤੀ ਪੈਦਾ ਹੁੰਦੀ ਹੈ। ਮੈਲਾਪ੍ਰੋਪਿਜ਼ਮ ਦੀ ਵਰਤੋਂ ਇਹ ਦਿਖਾਉਣ ਲਈ ਕੀਤੀ ਜਾਂਦੀ ਹੈ ਕਿ ਵਕਤਾ ਘਬਰਾਇਆ ਹੋਇਆ, ਪਰੇਸ਼ਾਨ, ਬੇਖਬਰ ਜਾਂ ਉਲਝਣ ਵਿਚ ਹੈ ਜਿਸ ਕਰਕੇ ਉਹ ਸਹੀ ਤਰੀਕੇ ਨਾਲ ਬੋਲ ਨਹੀਂ ਸਕਦਾ।<br>ਮੈਲਾਪ੍ਰੋਪਿਜ਼ਮ ਦੀ ਵਰਤੋਂ ਦਾ ਇੱਕ ਤਰੀਕਾ ਇਹ ਸੁਨਿਸ਼ਚਿਤ ਕਰਨਾ ਹੈ ਕਿ ਦੋਨੋ (ਮੂਲ ਸ਼ਬਦ ਅਤੇ ਉਸਦੀ ਬਦਲ) ਇਸ ਹੱਦ ਤਕ ਇੱਕੋ ਜਿਹੇ ਸੁਣਾਈ ਪੈਣ ਕਿ ਪਾਠਕ ਇਸ ਤਬਦੀਲੀ ਨੂੰ ਸਮਝ ਜਾਏ ਅਤੇ ਇਸ ਦੇ ਨਤੀਜੇ ਵਜੋਂ ਉਸਨੂੰ ਹਾਸਾ ਆ ਜਾਏ। |
| **Example:** In the play *Much Ado About Nothing*, playwright William Shakespeare’s character Dogberry says, "Our watch, sir, have indeed comprehended two **auspicious** persons." Instead, what the character means to say is “"Our watch, sir, have indeed apprehended two **suspicious** persons." | |

| ENGLISH | PUNJABI |
|---|---|
| **Metaphor**<br>A metaphor refers to a meaning or identity ascribed to one subject by way of another. In a metaphor, one subject is implied to be another so as to draw a comparison between their similarities and shared traits. The first subject, which is the focus of the sentence is usually compared to the second subject, which is used to convey a degree of meaning that is used to characterize the first. The purpose of using a metaphor is to take an identity or concept that we understand clearly (second subject) and use it to better understand the lesser known element (the first subject). | ਰੂਪਕ ਅਲੰਕਾਰ **(Metaphor)**<br>ਰੂਪਕ ਅਲੰਕਾਰ ਉਹ ਹੈ ਜਦ ਕਿਸੇ ਪਾਤਰ ਨੂੰ ਦਿਤੇ ਜਾਣ ਵਾਲਾ ਅਰਥ ਜਾਂ ਪਛਾਣ ਕਿਸੇ ਹੋਰ ਪਾਤਰ ਦੇ ਰਾਹੀਂ ਦਿੱਤੀ ਜਾਂਦੀ ਹੈ। ਰੂਪਕ ਵਿਚ ਇੱਕ ਪਾਤਰ ਨੂੰ ਦੂਜਾ ਪਾਤਰ ਹੋਣਾ ਸਮਝਿਆ ਜਾਂਦਾ ਹੈ ਤਾਂ ਜੋ ਉਹਨਾਂ ਦੀਆਂ ਸਮਾਨਤਾਵਾਂ ਅਤੇ ਸਾਂਝੇ ਗੁਣਾਂ ਵਿਚਕਾਰ ਤੁਲਨਾ ਕੀਤੀ ਜਾ ਸਕੇ। ਇਸ ਵਾਕ ਦੇ ਕੇਂਦਰ, ਪਹਿਲੇ ਪਾਤਰ, ਦੀ ਤੁਲਨਾ ਆਮ ਤੌਰ ਤੇ ਦੂਜੇ ਪਾਤਰ ਨਾਲ ਕੀਤੀ ਜਾਂਦੀ ਹੈ ਜਿਸਦੀ ਵਰਤੋਂ ਕੁਝ ਹੱਦ ਤਕ ਇੱਕ ਅਰਥ ਦੱਸਣ ਲਈ ਕੀਤੀ ਜਾਂਦੀ ਹੈ ਅਤੇ ਇਸ ਅਰਥ ਦੀ ਵਰਤੋਂ ਪਹਿਲੇ ਪਾਤਰ ਦੇ ਗੁਣਾਂ ਦੇ ਵਰਨਨ ਲਈ ਕੀਤੀ ਜਾਂਦੀ ਹੈ। ਰੂਪਕ ਦੀ ਵਰਤੋਂ ਦਾ ਉਦੇਸ਼ ਇੱਕ ਅਜਿਹੀ ਪਛਾਣ ਜਾਂ ਧਾਰਨਾ ਨੂੰ ਲੈਣਾ ਹੈ ਜਿਸਨੂੰ ਅਸੀਂ ਬੜੀ ਚੰਗੀ ਤਰ੍ਹਾਂ ਸਮਝਦੇ ਹਾਂ (ਦੂਜਾ ਪਾਤਰ) ਅਤੇ ਉਸਦੀ ਵਰਤੋਂ ਉਸ ਅੰਸ਼ ਨੂੰ ਬਿਹਤਰ ਸਮਝਣ ਲਈ ਕੀਤੀ ਜਾਂਦੀ ਹੈ ਜਿਸ ਨੂੰ ਅਸੀਂ ਘੱਟ ਜਾਣਦੇ ਹਾਂ (ਪਹਿਲਾ ਪਾਤਰ)। |
| **Example:** "Henry was a lion on the battlefield". This sentence suggests that Henry fought so valiantly and bravely that he embodied all the personality traits we attribute to a ferocious lion. This sentence implies that Henry was courageous and fearless, much like the King of the Jungle. | |

| | |
|---|---|
| **Metonymy**<br>Metonymy refers to the practice of not using the formal word for an object or subject and instead referring to it by using another word that is intricately linked to the formal name or word. It is the practice of substituting the main word with a word that is closely linked to it. | ਲੱਛਣ ਅਲੰਕਾਰ (ਮੇਟੋਨਿਮੀ) **(Metonymy)**<br>ਲੱਛਣ ਅਲੰਕਾਰ ਕਿਸੇ ਵਸਤੂ ਜਾਂ ਪਾਤਰ ਲਈ ਉਸਦੇ ਨਿਯਮਿਤ ਨਾਂ ਜਾਂ ਸ਼ਬਦ ਦੀ ਥਾਂ ਤੇ ਕਿਸੇ ਦੂਜੇ ਅਜਿਹੇ ਸ਼ਬਦ ਦੇ ਵਰਤਣ ਦੀ ਰਵਾਇਤ ਹੈ ਜੋ ਨਿਯਮਿਤ ਨਾਂ ਜਾਂ ਸ਼ਬਦ ਦੇ ਨਾਲ ਪੇਚੀਦਾ ਢੰਗ ਨਾਲ ਜੁੜਿਆ ਹੁੰਦਾ ਹੈ। ਇਹ ਮੁੱਖ ਸ਼ਬਦ ਦੀ ਥਾਂ ਤੇ ਉਸ ਦੇ ਨਾਲ ਨਜ਼ਦੀਕੀ ਨਾਲ ਜੁੜੇ ਸ਼ਬਦ ਦੀ ਵਰਤੋਂ ਦੀ ਰਵਾਇਤ ਹੈ। |
| **Example:** When we use the name "Washington, D.C." we are talking about the political capital of the United States because all the significant political institutions such as the White House, Supreme Court, the Capitol and many more are located there. The phrase "Washington D.C." is a metonymy for the government of the United States. | |

| | |
|---|---|
| **Mood**<br>Mood refers to a definitive stance the author adopts in shaping a specific emotional perspective towards the subject of the literary work. It refers to the mental and emotional disposition of the author toward the subject, which in turn lends a particular character or atmosphere to the work. The final tone achieved is instrumental in evoking specific, appropriate responses from the reader. | ਮੂਡ **(Mood)**<br>ਮੂਡ ਲੇਖਕ ਦਾ ਇੱਕ ਨਿਸ਼ਚਿਤ ਰੁਖ ਹੈ ਜੋ ਉਹ ਕਿਸੇ ਸਾਹਿਤਕ ਰਚਨਾ ਦੇ ਪਾਤਰ ਦੀ ਤਰਫ ਅਪਨਾਉਂਦਾ ਹੈ ਜਿਸਦੇ ਕਾਰਨ ਇੱਕ ਖਾਸ ਭਾਵਨਾਤਮਕ ਪਰਿਪੇਖ ਤਿਆਰ ਹੁੰਦਾ ਹੈ। ਇਹ ਲੇਖਕ ਦਾ ਪਾਤਰ ਦੀ ਤਰਫ ਮਾਨਸਿਕ ਅਤੇ ਭਾਵਨਾਤਮਕ ਰਵੱਈਆ ਹੈ ਜੋ, ਦੂਜੇ ਪਾਸਿਓਂ, ਰਚਨਾ ਨੂੰ ਇੱਕ ਵਿਸ਼ੇਸ਼ ਚਰਿੱਤਰ ਜਾਂ ਮਾਹੌਲ ਪ੍ਰਦਾਨ ਕਰਦਾ ਹੈ। ਇਸ ਤਰ੍ਹਾਂ ਅੰਤ ਵਿਚ ਜੋ ਲਹਿਜ਼ਾ ਬਣਦਾ ਹੈ ਉਸਦੇ ਨਤੀਜੇ ਵਜੋਂ ਪਾਠਕ ਦੀਆਂ ਖਾਸ ਢੁਕਵੀਆਂ ਪ੍ਰਤਿਕਿਰਿਆਵਾਂ ਹੁੰਦੀਆਂ ਹਨ। |
| **Example:** In *Love Story* by Erich Segal the relationship of the two protagonists is handled with such beauty, delicateness and sensitivity that the reader is compelled to feel the trials and tribulations of the characters. | |

| ENGLISH | PUNJABI |
|---|---|
| **Motif**<br>Motif is any element, subject, idea or concept that is constantly present throughout the entire piece of literature. Using a motif refers to the repetition of a specific theme dominating the literary work. Motifs are very noticeable and play a significant role in defining the nature of the story, the course of events and the very fabric of the literary piece. | ਮੁੱਖ ਭਾਵ (ਮੌਟਿਫ) **(Motif)**<br>ਮੁੱਖ ਭਾਵ ਜਾਂ ਮੌਟਿਫ ਕੋਈ ਵੀ ਅਜਿਹਾ ਤੱਤ, ਵਿਸ਼ਾ, ਵਿਚਾਰ ਜਾਂ ਧਾਰਨਾ ਹੈ ਜੋ ਪੂਰੀ ਸਾਹਿਤਕ ਰਚਨਾ ਵਿਚ ਹਰ ਸਮੇਂ ਲਗਾਤਾਰ ਮੌਜੂਦ ਰਹਿੰਦੀ ਹੈ। ਕਿਸੇ ਮੌਟਿਫ ਦੀ ਵਰਤੋਂ ਦਾ ਅਰਥ ਸਾਹਿਤਕ ਰਚਨਾ ਵਿਚ ਹਾਵੀ ਹੋਣ ਵਾਲੇ ਕਿਸੇ ਵਿਸ਼ੇਸ਼ ਵਿਸ਼ੇ ਨੂੰ ਦੁਹਰਾਉਣਾ ਹੈ। ਮੌਟਿਫ ਬਿਲਕੁਲ ਸਪਸ਼ਟ ਨਜ਼ਰ ਆਉਂਦੇ ਹਨ ਅਤੇ ਕਹਾਣੀ ਦੀ ਪ੍ਰਕਿਰਤੀ, ਘਟਨਾਵਾਂ ਦੀ ਦਿਸ਼ਾ ਅਤੇ ਸਾਹਿਤਕ ਰਚਨਾ ਦੀ ਮੂਲ ਬਣਤਰ ਨਿਰਧਾਰਤ ਕਰਨ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ। |
| **Example:** In many famed fairytales, a common motif is of a handsome prince who falls in love with a damsel in distress and the two being bothered by a wicked step mother, evil witch or beast and finally conquering all to live happily ever after. | |

| | |
|---|---|
| **Narrative**<br>A narrative or story is told by a narrator who may be a direct part of that experience and often shares the experience as a first-person narrator. Sometimes the author may only observe the events as a third-person narrator and gives his/her final pronouncement. A narrative consists of a set of events, recounted in a process of narration, in which the events are selected and arranged in a particular order. | ਬਿਰਤਾਂਤ **(Narrative)**<br>ਬਿਰਤਾਂਤ ਜਾਂ ਕਹਾਣੀ ਇੱਕ ਬਿਰਤਾਂਤਕਾਰ ਦੁਆਰਾ ਦੱਸੀ ਜਾਂਦੀ ਹੈ ਜੋ ਇਸ ਅਨੁਭਵ ਵਿਚ ਸਿੱਧਾ ਭਾਗੀਦਾਰ ਹੋ ਸਕਦਾ ਹੈ ਅਤੇ ਅਕਸਰ ਆਪਣੇ ਤਜਰਬੇ ਨੂੰ ਆਪਣੇ ਵਲੋਂ ਇੱਕ ਬਿਰਤਾਂਤਕਾਰ ਦੇ ਤੌਰ ਤੇ ਸਾਂਝਾ ਕਰਦਾ ਹੈ। ਕਈ ਵਾਰੀ ਲੇਖਕ ਘਟਨਾਵਾਂ ਨੂੰ ਇੱਕ ਤੀਜੇ-ਪੱਖ ਵਾਲੇ ਬਿਰਤਾਂਤਕਾਰ ਦੀਆਂ ਨਜ਼ਰਾਂ ਨਾਲ ਦੇਖ ਸਕਦਾ ਹੈ ਅਤੇ ਆਪਣਾ ਅੰਤਮ ਫੈਸਲਾ ਸੁਣਾ ਸਕਦਾ ਹੈ। ਬਿਰਤਾਂਤ ਕਈ ਘਟਨਾਵਾਂ ਦਾ ਇੱਕ ਸਮੂਹ ਹੁੰਦਾ ਹੈ ਜਿਨ੍ਹਾਂ ਬਾਰੇ ਬਿਰਤਾਂਤ ਵਿਚ ਦੱਸਿਆ ਜਾਂਦਾ ਹੈ ਅਤੇ ਜਿਨ੍ਹਾਂ ਦੀ ਚੋਣ ਕਰਕੇ ਉਹਨਾਂ ਨੂੰ ਇੱਕ ਖਾਸ ਕ੍ਰਮ ਵਿਚ ਲਗਾਇਆ ਜਾਂਦਾ ਹੈ। |
| **Example:** *Animal Farm* by George Orwell is a modern narrative that aims at extending a writer's political views. It is a form of narrative known as a political satire. It uses animals on a farm to describe the overthrow of the last of the Russian Tsar Nicholas II and the Communist Revolution of Russia before WW II. The actions of the animals on the farm are used to expose the greed and corruption of the Revolution. It also describes how powerful people can change the ideology of a society. | |

| | |
|---|---|
| **Negative Capability**<br>Negative Capability is a concept promoted by poet John Keats, who was of the opinion that literary achievers, especially poets, should be able to come to terms with the fact that some matters might have to be left unsolved and uncertain. Keats was of the opinion that some certainties were best left open to the imagination and that the elements of doubt and ambiguity added romanticism and specialty to a concept. | ਨਕਾਰਾਤਮਕ ਸਮਰੱਥਾ **(Negative Capability)**<br>ਨਕਾਰਾਤਮਕ ਸਮਰੱਥਾ ਕਵੀ ਜੌਨ ਕੀਟ੍ਸ ਦੁਆਰਾ ਵਿਕਸਤ ਧਾਰਨਾ ਹੈ ਜਿਸਦਾ ਇਹ ਵਿਚਾਰ ਸੀ ਕਿ ਸਾਹਿਤਕ ਹਸਤੀਆਂ, ਖਾਸ ਤੌਰ ਤੇ ਕਵੀਆਂ ਨੂੰ ਇਹ ਗੱਲ ਮੰਨ ਲੈਣੀ ਚਾਹੀਦੀ ਹੈ ਕਿ ਕੁਝ ਗੱਲਾਂ ਨੂੰ ਕੋਈ ਹਲ ਕੱਢੇ ਬਿਨਾ ਅਤੇ ਅਨਿਸ਼ਚਿਤ ਸਥਿਤੀ ਵਿਚ ਛੱਡਿਆ ਜਾ ਸਕਦਾ ਹੈ। ਕੀਟ੍ਸ ਦਾ ਇਹ ਵਿਚਾਰ ਹੈ ਕਿ ਚੰਗਾ ਹੋਵੇ ਜੇ ਕੁਝ ਨਿਸ਼ਚਿਤਤਾਵਾਂ ਨੂੰ ਕਲਪਨਾ ਦੇ ਸਹਾਰੇ ਛੱਡ ਦਿੱਤਾ ਜਾਵੇ, ਅਤੇ ਸ਼ੱਕ ਅਤੇ ਅਸਪਸ਼ਟਤਾ ਕਿਸੇ ਵੀ ਧਾਰਨਾ ਨੂੰ ਜ਼ਿਆਦਾ ਰੋਮਾਂਚਕ ਅਤੇ ਵਿਸ਼ੇਸ਼ ਬਣਾਉਂਦੇ ਹਨ। |
| **Example:** The best reference of the use of negative capability in literature would be of Keats' own works, especially poems such as *Ode on a Grecian Urn* and *Ode to a Nightingale.* | |

| ENGLISH | PUNJABI |
|---|---|
| **Nemesis**<br>The use of a nemesis refers to a situation of poetic justice wherein the positive characters are rewarded and the negative characters are penalized. The word also sometimes refers to the character or medium by which this justice is brought about. In Greek mythology, Nemesis is the goddess of divine retribution. | ਬਦਲਾ, ਕੁਕਰਮਾਂ ਦੀ ਸਜ਼ਾ (ਨੇਮੇਸਿਸ) **(Nemesis)**<br>ਬਦਲੇ ਜਾਂ ਨੇਮੇਸਿਦੀ ਦੀ ਵਰਤੋਂ ਕੁਦਰਤੀ ਨਿਆਂ ਦੀ ਉਹ ਸਥਿਤੀ ਹੈ ਜਿਸ ਵਿਚ ਚੰਗੇ ਕਿਰਦਾਰਾਂ ਨੂੰ ਇਨਾਮ ਮਿਲਦਾ ਹੈ ਅਤੇ ਖਰਾਬ ਕਿਰਦਾਰਾਂ ਨੂੰ ਸਜ਼ਾ ਮਿਲਦੀ ਹੈ। ਕਈ ਵਾਰੀ ਇਸ ਸ਼ਬਦ ਦੀ ਵਰਤੋਂ ਉਸ ਕਿਰਦਾਰ ਜਾਂ ਜੁਗਤ ਲਈ ਵੀ ਕੀਤੀ ਜਾਂਦੀ ਹੈ ਜਿਸਦੇ ਰਾਹੀਂ ਨਿਆਂ ਲਿਆਂਦਾ ਜਾ ਰਿਹਾ ਹੈ। ਯੂਨਾਨੀ ਪੌਰਾਣਿਕ ਕਥਾਵਾਂ ਵਿਚ, ਨੇਮੇਸਿਸ ਖੁਦਾਈ ਸਜ਼ਾ ਦੀ ਦੇਵੀ ਹੈ। |
| **Example:** In the popular book series *Harry Potter*, the protagonist Harry Potter is the nemesis of the evil Lord Voldemort. | |

| | |
|---|---|
| **Novel**<br>The term novel is applied to a great variety of writings that have in common only the attribute of being extended works of fiction written in prose. As an extended narrative, the novel is distinguished from the short story and from the novelette or novella. Its magnitude permits a greater variety of characters, greater complication of character and motives than do the shorter, more concentrated modes. Novels may have any kind of plot form: tragic, comic, satire, drama, romance, melodrama, historical, science fiction, fantasy, crime, mystery, horror, tragic-comedy and many others. | ਨਾਵਲ **(Novel)**<br>ਨਾਵਲ ਸ਼ਬਦ ਦੀ ਵਰਤੋਂ ਬਹੁਤ ਤਰ੍ਹਾਂ ਦੀਆਂ ਲਿਖਤਾਂ ਲਈ ਕੀਤੀ ਜਾਂਦੀ ਹੈ ਜਿਨ੍ਹਾਂ ਦੀ ਇੱਕੋ ਇੱਕ ਸਾਂਝੀ ਵਿਸ਼ੇਸ਼ਤਾ ਵਾਰਤਕ ਵਿਚ ਲਿਖੀ ਗਈ ਗਲਪ ਦੀ ਲੰਬੀ ਰਚਨਾ ਹੈ। ਇੱਕ ਲੰਬੇ ਬਿਰਤਾਂਤ ਵਜੋਂ ਨਾਵਲ, ਛੋਟੀ ਕਹਾਣੀ, ਨੋਵਲਿਟ ਅਤੇ ਨੋਵੈਲਾ ਤੋਂ ਵੱਖਰਾ ਹੈ। ਇਸਦੇ ਵੱਡੇ ਆਕਾਰ ਦੇ ਕਾਰਨ ਇਸ ਵਿਚ ਕਿਰਦਾਰਾਂ ਦੀ ਵਿਵਿਧਤਾ, ਕਿਰਦਾਰਾਂ ਦੀ ਪੇਚੀਦਗੀ ਅਤੇ ਮਨੋਰਥਾਂ ਦੀ ਵਿਵਿਧਤਾ ਇਸਦੇ ਜ਼ਿਆਦਾ ਛੋਟੇ ਅਤੇ ਸਕੇਂਦ੍ਰਿਤ ਰੂਪਾਂ ਦੇ ਮੁਕਾਬਲੇ ਜ਼ਿਆਦਾ ਹੋ ਸਕਦੀ ਹੈ। ਨਾਵਲਾਂ ਵਿਚ ਪਲਾਟ ਜਾਂ ਕਥਾਨਕ ਕਿਸੇ ਵੀ ਤਰ੍ਹਾਂ ਦਾ ਹੋ ਸਕਦਾ ਹੈ: ਦੁਖਾਂਤਕ, ਸੁਖਾਂਤਕ, ਵਿਅੰਗਾਤਮਕ, ਨਾਟਕੀ, ਰੋਮਾਂਸ, ਮੈਲੋਡ੍ਰਾਮਾ, ਇਤਹਾਸਕ, ਸਾਇੰਸ ਫਿਕਸ਼ਨ, ਕਾਲਪਨਿਕ, ਅਪਰਾਧ, ਰੱਹਸ, ਭੈ, ਦੁਖਾਂਤਕ-ਸੁਖਾਂਤ, ਅਤੇ ਕਈ ਹੋਰ। |
| **Example :** *To Kill a Mockingbird* by Harper Lee | |

| | |
|---|---|
| **Onomatopoeia**<br>Onomatopoeia refers to words whose very sound is very close to the sound they are meant to depict. In other words, it refers to sound words whose pronunciation is similar to the actual sound they represent. | ਧੁਨੀ ਅਨੁਕਰਨ **(Onomatopoeia)**<br>ਧੁਨੀ ਅਨੁਕਰਨ ਉਹਨਾਂ ਸ਼ਬਦਾਂ ਦੇ ਬਾਰੇ ਹੈ ਜਿਨ੍ਹਾਂ ਦੀ ਧੁਨੀ ਉਸੇ ਆਵਾਜ਼ ਵਾਂਗ ਹੈ ਜਿਸ ਨੂੰ ਉਹ ਦਰਸਾਉਂਦੇ ਹਨ। ਯਾਨੀ, ਇਹ ਆਵਾਜ਼ਾਂ ਨੂੰ ਦਰਸਾਉਣ ਵਾਲੇ ਸ਼ਬਦਾਂ ਬਾਰੇ ਹੈ ਜਿਨ੍ਹਾਂ ਦਾ ਉਚਾਰਣ ਉਸੇ ਆਵਾਜ਼ ਵਰਗਾ ਹੈ ਜਿਸ ਨੂੰ ਇਹ ਸ਼ਬਦ ਦਰਸਾਉਂਦੇ ਹਨ। |
| **Example:** Words such as grunt, huff, buzz, fizz, hiss, crackle, and snap are words whose pronunciation sounds very similar to the actual sounds these words represent. | |

| ENGLISH | PUNJABI |
|---|---|
| **Oxymoron**<br>Oxymoron is a literary term that allows the author to use contradictory, contrasting concepts placed together in a manner that actually ends up making sense in a strange and slightly complex manner. An oxymoron helps to perceive a deeper level of truth and explore different layers of semantics while writing. | ਆਕਸੀਮੋਰੋਨ **(Oxymoron)**<br>ਆਕਸੀਮੋਰੋਨ ਇੱਕ ਸਾਹਿਤਕ ਪਰਿਭਾਸ਼ਕ ਸ਼ਬਦ ਹੈ ਜਿਸਦੇ ਰਾਹੀਂ ਲੇਖਕ ਪਰਸਪਰ ਵਿਰੋਧੀ, ਵਿਪਰੀਤ ਧਾਰਨਾਵਾਂ ਨੂੰ ਇਸ ਤਰ੍ਹਾਂ ਨਾਲ ਨਾਲ ਰੱਖਦਾ ਹੈ ਕਿ ਇਕੱਠੇ ਮਿਲ ਕੇ ਉਹ ਆਖਿਰਕਾਰ ਇੱਕ ਅਜੀਬ ਅਤੇ ਥੋੜੇ ਜਟਿਲ ਤਰੀਕੇ ਨਾਲ ਆਪਣੀ ਗੱਲ ਕਹਿ ਸਕਦਾ ਹੈ। ਆਕਸੀਮੋਰੋਨ ਤੱਥ ਦੇ ਜ਼ਿਆਦਾ ਡੂੰਘੇ ਪੱਧਰ ਨੂੰ ਦੇਖਣ ਅਤੇ ਲਿਖਣ ਸਮੇਂ ਅਰਥਾਂ ਦੀਆਂ ਵਿਭਿੰਨ ਪਰਤਾਂ ਦੀ ਛਾਣ-ਬੀਣ ਕਰਨ ਵਿਚ ਮਦਦ ਕਰਦਾ ਹੈ। |
| **Example:** Sometimes we cherish things of little value. He possessed a cold fire in his eyes. Terribly pleased, act naturally, deafening silence, clearly confused, virtual reality. | |

| | |
|---|---|
| **Paradox**<br>A paradox refers to the use of concepts or ideas that are contradictory or opposed to one another, yet when placed together hold significant value on several levels. The uniqueness of paradoxes lies in the fact that a deeper level of meaning and significance is not revealed at first glance, but when it does crystallize, it provides astonishing insight. | ਵਿਰੋਧਾਭਾਸ **(Paradox)**<br>ਵਿਰੋਧਾਭਾਸ ਅਜਿਹੀਆਂ ਧਾਰਨਾਵਾਂ ਜਾਂ ਵਿਚਾਰਾਂ ਦੀ ਵਰਤੋਂ ਜੋ ਅੰਤਰਵਿਰੋਧੀ ਜਾਂ ਪਰਸਪਰ ਵਿਰੋਧੀ ਹਨ ਪਰ ਜਦ ਉਹਨਾਂ ਨੂੰ ਇਕੱਠੇ ਰੱਖਿਆ ਜਾਂਦਾ ਹੈ ਤਾਂ ਉਹ ਕਈ ਪੱਧਰਾਂ ਤੇ ਮੁੱਲਵਾਨ ਬਣ ਜਾਂਦੇ ਹਨ। ਵਿਰੋਧਾਭਾਸਾਂ ਦੀ ਵਿਲੱਖਣਤਾ ਇਸ ਤੱਥ ਵਿਚ ਹੈ ਕਿ ਅਰਥ ਅਤੇ ਮਹੱਤਵ ਦਾ ਜ਼ਿਆਦਾ ਡੂੰਘਾ ਪੱਧਰ ਪਹਿਲੀ ਨਜ਼ਰ ਵਿਚ ਦਿਖਾਈ ਨਹੀਂ ਪੈਂਦਾ ਹੈ, ਪਰ ਜਦ ਵਿਚਾਰਾਂ ਦਾ ਠੋਸ ਰੂਪ ਸਾਮ੍ਹਣੇ ਆਉਂਦਾ ਹੈ, ਤਾਂ ਹੈਰਾਨ ਕਰਨ ਵਾਲੀ ਅੰਤਰਦ੍ਰਿਸ਼ਟੀ ਮਿਲਦੀ ਹੈ। |
| **Example:** Wise fool; bitter sweet; a rich man is no richer than a poor man. | |

| | |
|---|---|
| **Pathetic Fallacy**<br>Pathetic fallacy is a literary device whereby the author ascribes the human feelings of one or more of his characters to nonhuman objects or phenomena. It is a type of personification, and is known to occur more by accident than on purpose. | ਸੰਵੇਦਨ ਆਰੋਪ **(Pathetic Fallacy)**<br>ਸੰਵੇਦਨ ਆਰੋਪ ਇੱਕ ਸਾਹਿਤਕ ਜੁਗਤ ਹੈ ਜਿਸ ਵਿਚ ਲੇਖਕ ਆਪਣੇ ਕਿਰਦਾਰਾਂ ਵਿਚੋਂ ਇੱਕ ਜਾਂ ਵੱਧ ਦੀਆਂ ਮਾਨਵੀ ਭਾਵਨਾਵਾਂ ਗੈਰ-ਮਾਨਵੀ ਵਸਤੂਆਂ ਜਾਂ ਘਟਨਾਵਾਂ ਨੂੰ ਦਿੰਦਾ ਹੈ। ਇਹ ਇੱਕ ਤਰ੍ਹਾਂ ਦਾ ਮਾਨਵੀਕਰਣ ਹੈ ਜੋ ਜਾਣ ਬੁਝ ਕੇ ਕਰਨ ਦੀ ਬਜਾਇ ਗਲਤੀ ਨਾਲ ਜ਼ਿਆਦਾ ਹੁੰਦਾ ਹੈ। |
| **Example:** The softly whistling teapot informed him it was time for breakfast. | |

| | |
|---|---|
| **Periodic Structure**<br>Periodic structure refers to a particular placement of sentence elements such as the main clause of the sentence and/or its predicate are purposely held off and placed at the end instead of at the beginning of their conventional positions. In such placements, the crux of the sentence's meaning does not become clear to the reader until they reach the last part. While undeniably confusing at first, a periodic structure lends flair of drama to a sentence and is greatly used in poetry. | ਆਵਰਤੀ ਬਣਤਰ **(Periodic Structure)**<br>ਵਾਕ ਦੇ ਤੱਤਾਂ, ਜਿਵੇਂ ਮੁੱਖ ਵਾਕ-ਖੰਡ ਅਤੇ/ਜਾਂ ਵਿਧੇਯ, ਨੂੰ ਜਾਣ ਬੁਝ ਕੇ ਰੋਕ ਲੈਣ ਅਤੇ ਬਾਅਦ ਵਿਚ ਆਪਣੀ ਰਵਾਇਤੀ ਥਾਂ ਯਾਨੀ ਵਾਕ ਦੇ ਸ਼ੁਰੂ ਵਿਚ ਰੱਖਣ ਦੀ ਬਜਾਇ ਵਾਕ ਦੇ ਅੰਤ ਵਿਚ ਰੱਖਣ ਨੂੰ ਆਵਰਤੀ ਬਣਤਰ ਕਹਿੰਦੇ ਹਨ। ਇਸ ਤਰ੍ਹਾਂ ਰੱਖਣ ਨਾਲ ਵਾਕ ਦੇ ਅਰਥ ਦੀ ਘੁੰਡੀ ਪਾਠਕ ਨੂੰ ਤਦ ਤਕ ਸਪਸ਼ਟ ਨਹੀਂ ਹੁੰਦੀ ਜਦ ਤਕ ਉਹ ਅੰਤ ਤਕ ਨਹੀਂ ਪਹੁੰਚ ਜਾਂਦਾ। ਹਾਲਾਂਕਿ ਸ਼ੁਰੂ ਵਿਚ ਆਵਰਤੀ ਬਣਤਰ ਗੁੰਝਲ ਵਿਚ ਪਾ ਦੇਂਦੀ ਹੈ, ਪਰ ਇਹ ਬਣਤਰ ਵਾਕ ਨੂੰ ਇੱਕ ਨਾਟਕੀ ਰੂਪ ਦੇ ਦੇਂਦੀ ਹੈ ਅਤੇ ਕਵਿਤਾਵਾਂ ਵਿਚ ਇਸਦੀ ਵਰਤੋਂ ਬਹੁਤ ਵਾਰ ਹੁੰਦੀ ਹੈ। |
| **Example:** Instead of writing, "brokenhearted and forlorn she waits till the end of her days for his return," one may write: "For his return, brokenhearted and forlorn, waited, she till the end of her days." | |

| ENGLISH | PUNJABI |
|---|---|
| **Periphrasis**<br>Periphrasis refers to the use of excessive language and surplus words to convey a meaning that could otherwise be conveyed with fewer words and in more direct a manner. The use of periphrasis can be to embellish a sentence, to create a grander effect, to beat around the bush and to draw attention away from the crux of the message being conveyed. | ਪਰਯਾਇ ਉਕਤੀ (ਪੈਰੀਫ੍ਰਾਸਿਸ) **(Periphrasis)**<br>ਜਿਸ ਗੱਲ ਨੂੰ ਜ਼ਿਆਦਾ ਸਿੱਧੇ ਅਤੇ ਘੱਟ ਸ਼ਬਦਾਂ ਵਿਚ ਦੱਸਿਆ ਜਾ ਸਕਦਾ ਹੋਵੇ ਉਸ ਦੇ ਲਈ ਲੋੜ ਤੋਂ ਵੱਧ ਭਾਸ਼ਾ ਅਤੇ ਵਾਧੂ ਸ਼ਬਦਾਂ ਦੀ ਵਰਤੋਂ ਨੂੰ ਪਰਯਾਇ ਉਕਤੀ ਕਹਿੰਦੇ ਹਨ। ਪਰਯਾਇ ਉਕਤੀ ਦੀ ਵਰਤੋਂ ਕਿਸੇ ਵਾਕ ਦੀ ਸਜਾਵਟ ਲਈ, ਜ਼ਿਆਦਾ ਸ਼ਾਨਦਾਰ ਅਸਰ ਪੈਦਾ ਕਰਨ ਲਈ, ਘੁਮਾ ਫਿਰਾ ਕੇ ਗੱਲ ਕਰਨ ਲਈ ਅਤੇ ਜੋ ਸੁਨੇਹਾ ਦਿੱਤਾ ਗਿਆ ਹੈ ਉਸ ਦੇ ਮੁੱਖ ਅੰਸ਼ ਤੋਂ ਧਿਆਨ ਹਟਾਉਣ ਲਈ ਕੀਤੀ ਜਾ ਸਕਦੀ ਹੈ। |
| **Example:** Instead of simply saying "I am displeased with your behavior", one can say, "The manner in which you have conducted yourself in my presence of late has caused me to feel uncomfortable and has resulted in my feeling disgruntled and disappointed with you". | |

| | |
|---|---|
| **Personification**<br>Personification refers to the practice of attaching human traits and characteristics with inanimate objects, phenomena and animals. | ਮਾਨਵੀਕਰਣ **(Personification)**<br>ਨਿਰਜੀਵ ਵਸਤੂਆਂ, ਘਟਨਾਵਾਂ ਅਤੇ ਪਸ਼ੂਆਂ ਨੂੰ ਮਾਨਵੀ ਗੁਣ ਅਤੇ ਵਿਸ਼ੇਸ਼ਤਾਵਾਂ ਪ੍ਰਦਾਨ ਕਰਨ ਨੂੰ ਮਾਨਵੀਕਰਣ ਕਹਿੰਦੇ ਹਨ। |
| **Example:** "The raging winds;" "the wise owl," "the warm and comforting fire" | |

| | |
|---|---|
| **Plot**<br>The plot usually refers to the sequence of events and happenings that make up a story. There is usually a pattern, unintended or intentional, that threads the plot together. The plot basically refers to the main outcome and order of the story. There is another kind of plot in literature as well; it refers to the conflict or clash occurring as a part of the story. The conflict usually follows three regular formats: 1. characters in conflict with one another, 2. characters in conflict with their surroundings and 3. characters in conflict with themselves. | ਪਲਾਟ, ਕਥਾਨਕ, ਕਥਾ-ਵਸਤੂ **(Plot)**<br>ਆਮ ਤੌਰ ਤੇ ਪਲਾਟ ਘਟਨਾਵਾਂ ਅਤੇ ਵਾਰਦਾਤਾਂ ਦਾ ਕ੍ਰਮ ਹੁੰਦਾ ਹੈ ਜਿਨ੍ਹਾਂ ਨਾਲ ਕਹਾਣੀ ਬਣਦੀ ਹੈ। ਜਾਣੇ-ਅਣਜਾਣੇ, ਆਮ ਤੌਰ ਤੇ ਪਲਾਟ ਨੂੰ ਇੱਕ ਲੜੀ ਵਿਚ ਇੱਕ ਪੈਟਰਨ ਬੰਨ੍ਹ ਕੇ ਰੱਖਦਾ ਹੈ। ਪਲਾਟ ਮੂਲ ਤੌਰ ਤੇ ਕਹਾਣੀ ਦੇ ਮੁਖ ਸਿੱਟੇ ਅਤੇ ਕ੍ਰਮ ਨਾਲ ਜੁੜਿਆ ਹੁੰਦਾ ਹੈ। ਸਾਹਿਤ ਵਿਚ ਇੱਕ ਹੋਰ ਤਰ੍ਹਾਂ ਦਾ ਪਲਾਟ ਵੀ ਹੁੰਦਾ ਹੈ; ਇਹ ਕਹਾਣੀ ਦੇ ਇੱਕ ਹਿੱਸੇ ਵਜੋਂ ਹੋ ਰਹੇ ਵਿਵਾਦ, ਸੰਘਰਸ਼ ਜਾਂ ਲੜਾਈ ਨਾਲ ਜੁੜਿਆ ਹੁੰਦਾ ਹੈ। ਸੰਘਰਸ਼ ਆਮ ਤੌਰ ਤੇ ਤਿੰਨ ਰੂਪਾਂ ਵਿਚ ਹੁੰਦਾ ਹੈ: 1. ਕਿਰਦਾਰਾਂ ਦੇ ਵਿਚਕਾਰ ਸੰਘਰਸ਼, 2. ਕਿਰਦਾਰਾਂ ਅਤੇ ਉਹਨਾਂ ਦੇ ਮਾਹੌਲ ਵਿਚਕਾਰ ਸੰਘਰਸ਼, ਅਤੇ 3. ਕਿਰਦਾਰ ਦਾ ਆਪਣੇ ਆਪ ਨਾਲ ਸੰਘਰਸ਼। |
| **Example:** Many romantic movies follow a similar and simple plot: Boy meets girl, boy loses girl, boy wins girl back in the end. | |

<table>
<tr><th>ENGLISH</th><th>PUNJABI</th></tr>
<tr><td>Point of View<br>Point of view is the manner in which a story is narrated or depicted and who it is that tells the story. Simply put, the point of view determines the angle and perception of the story unfolding, and thus influences the tone in which the story takes place. The point of view is instrumental in manipulating the reader’s understanding of the narrative. In a way, the point of view can allow or withhold the reader access into the greater reaches of the story.</td><td>ਨਜ਼ਰੀਆ (Point of View)<br>ਨਜ਼ਰੀਆ ਕਿਸੇ ਕਹਾਣੀ ਨੂੰ ਸੁਣਾਉਣ ਜਾਂ ਦਰਸਾਉਣ ਦਾ ਤਰੀਕਾ ਹੈ ਅਤੇ ਇਹ ਕਹਾਣੀ ਸੁਣਾਉਣ ਵਾਲਾ ਕੌਣ ਹੈ। ਸਰਲ ਸ਼ਬਦਾਂ ਵਿਚ, ਨਜ਼ਰੀਆ ਕਹਾਣੀ ਦੇ ਅੱਗੇ ਵੱਧਣ ਦੇ ਕੋਣ ਅਤੇ ਬੋਧ ਨੂੰ ਨਿਰਧਾਰਤ ਕਰਦਾ ਹੈ ਅਤੇ ਇਸ ਉਸ ਲਹਿਜ਼ੇ ਤੇ ਅਸਰ ਪਾਉਂਦਾ ਹੈ ਜਿਸ ਵਿਚ ਕਹਾਣੀ ਅੱਗੇ ਵੱਧਦੀ ਹੈ। ਪਾਠਕ ਦੁਆਰਾ ਬਿਰਤਾਂਤ ਦੀ ਸਮਝ ਦੇ ਸੰਚਾਲਨ ਵਿਚ ਨਜ਼ਰੀਆ ਆਪਣੀ ਭੂਮਿਕਾ ਨਿਭਾਉਂਦਾ ਹੈ।  ਇੱਕ ਤਰੀਕੇ ਨਾਲ, ਨਜ਼ਰੀਆ ਕਹਾਣੀ ਦੀ ਜ਼ਿਆਦਾ ਡੂੰਘਾਈ ਤਕ ਪਹੁੰਚਣ ਦੀ ਇਜਾਜ਼ਤ ਦੇ ਸਕਦਾ ਹੈ ਜਾਂ ਉਸ ਤੇ ਰੋਕ ਲਗਾ ਸਕਦਾ ਹੈ।</td></tr>
<tr><td colspan="2">Example: In the popular Lord of the Rings by William Golding book series, the stories are narrated in the third person and all happenings are described from an “outside the story” point of view. Contrastingly, in the popular teen book series, Princess Diaries, by Meg Cabot, the story is told in the first person, by the protagonist herself.</td></tr>
</table>

<table>
<tr><td>Polysyndeton<br>Polysyndeton refers to the process of using conjunctions or connecting words frequently in a sentence, placed very close to one another, opposed to the usual norm of using them sparsely, only where they are technically needed.  The use of polysyndeton is primarily for adding dramatic effect as they have a strong rhetorical presence.</td><td>ਪੌਲੀਸਿੰਡੇਟਨ (Polysyndeton)<br>ਪੌਲੀਸਿੰਡੇਟਨ   ਵਾਕ ਵਿਚ ਯੋਜਕ ਸ਼ਬਦਾਂ ਜਾਂ ਜੋੜਨ ਵਾਲੇ ਸ਼ਬਦਾਂ ਨੂੰ ਵਾਰ ਵਾਰ, ਇੱਕ ਦੂਜੇ ਦੇ ਬਹੁਤ ਨੇੜੇ ਵਰਤਣ ਦੀ ਪ੍ਰਕਿਰਿਆ ਹੈ ਜਦ ਕਿ ਆਮ ਨਿਯਮ ਉਹਨਾਂ ਦੀ ਘੱਟ ਵਰਤੋਂ ਕਰਨ ਦਾ ਹੁੰਦਾ ਹੈ ਅਤੇ ਉਹਨਾਂ ਦੀ ਸਿਰਫ ਉੱਥੇ ਵਰਤੋਂ ਕੀਤੀ ਜਾਂਦੀ ਹੈ ਜਿਥੇ ਉਹ ਤਕਨੀਕੀ ਤੌਰ ਤੇ ਜ਼ਰੂਰੀ ਹੋਣ। ਪੌਲੀਸਿੰਡੇਟਨ ਦੀ ਵਰਤੋਂ ਮੁੱਖ ਤੌਰ ਤੇ ਇੱਕ ਨਾਟਕੀ ਅਸਰ ਪੈਦਾ ਕਰਨ ਦਾ ਹੁੰਦਾ ਹੈ ਕਿਉਂਕਿ ਉਹਨਾਂ ਦੀ ਮੌਜੂਦਗੀ ਭਾਸ਼ਾ ਨੂੰ ਅਲੰਕਾਰਕ ਬਣਾਉਂਦੀ ਹੈ।</td></tr>
<tr><td colspan="2">Example: Saying "here and there and everywhere" instead of simply adding "here, there and everywhere."</td></tr>
</table>

<table>
<tr><td>Prologue<br>A prologue can be an introduction to a story that usually sets the tone and acts as a bit of a backgrounder or a “sneak peek” into the story. Prologues are typically a narrative spoken by one of the characters and not from the author.</td><td>ਪ੍ਰਸਤਾਵਨਾ, ਪੂਰਵ ਘਟਨਾ (Prologue)<br>ਪ੍ਰਸਤਾਵਨਾ ਕਹਾਣੀ ਨਾਲ ਮੁੱਢਲੀ ਜਾਣ ਪਛਾਣ ਹੋ ਸਕਦੀ ਹੈ ਜੋ ਅਕਸਰ ਕਹਾਣੀ ਲਈ ਲਹਿਜ਼ਾ ਨਿਰਧਾਰਤ ਕਰਦੀ ਹੈ ਅਤੇ ਇੱਕ ਪਿੱਠਭੂਮੀ ਜਾਂ “ਝਲਕ” ਵਜੋਂ ਕੰਮ ਕਰਦੀ ਹੈ। ਪ੍ਰਸਤਾਵਨਾ ਆਮ ਤੌਰ ਤੇ ਲੇਖਕ ਦੀ ਥਾਂ ਤੇ ਕਿਸੇ ਕਿਰਦਾਰ ਦੁਆਰਾ ਬੋਲਿਆ ਗਿਆ ਬਿਰਤਾਂਤ ਹੁੰਦਾ ਹੈ।</td></tr>
<tr><td colspan="2">Example: "The origin of this story is..."<br> “It all began one day when…”</td></tr>
</table>

| ENGLISH | PUNJABI |
|---|---|
| **Puns**<br>Puns are a literary device wherein a word is used in a manner to suggest two or more possible meanings. This is generally done to the effect of creating humor or irony. Puns can also refer to words that suggest meanings of similar-sounding words. The trick is to make the reader have an “aha!” moment and discover two or more meanings. | **ਸਲੇਸ਼, ਯਮਕ (Puns)**<br>ਸਲੇਸ਼ ਇੱਕ ਸਾਹਿਤਕ ਜੁਗਤ ਹੈ ਜਿਸ ਵਿਚ ਕਿਸੇ ਸ਼ਬਦ ਦੀ ਵਰਤੋਂ ਇਸ ਤਰ੍ਹਾਂ ਕੀਤੀ ਜਾਂਦੀ ਹੈ ਕਿ ਉਸਦੇ ਦੋ ਜਾਂ ਵੱਧ ਸੰਭਾਵੀ ਅਰਥ ਹੋਣ। ਆਮ ਤੌਰ ਤੇ ਇਸ ਦੀ ਵਰਤੋਂ ਹਾਸਾ ਜਾਂ ਤਨਜ਼ ਪੈਦਾ ਕਰਨ ਲਈ ਕੀਤੀ ਜਾਂਦੀ ਹੈ। ਸਲੇਸ਼ ਅਜਿਹੇ ਸ਼ਬਦ ਵੀ ਹੋ ਸਕਦੇ ਹਨ ਜੋ ਇੱਕੋ ਜਿਹੇ ਸੁਣਾਈ ਦੇਣ ਵਾਲੇ ਸ਼ਬਦਾਂ ਦੇ ਅਰਥ ਸੁਝਾਉਂਦੇ ਹੋਣ। ਇਸ ਵਿਚ ਮੁੱਖ ਗੱਲ ਪਾਠਕ ਨੂੰ ਅਸਚਰਜਚਕਿਤ ਕਰਨਾ ਅਤੇ ਉਸ ਨੂੰ ਦੋ ਜਾਂ ਵੱਧ ਅਰਥਾਂ ਦੀ ਖੋਜ ਕਰਾਉਣਾ ਹੈ। |
| **Example:** She had a photographic memory but never developed it. | |

| | |
|---|---|
| **Rhyme Scheme**<br>The rhyme scheme is the practice of rhyming words placed at the end of the lines in the prose or poetry. Rhyme scheme refers to the order in which particular words rhyme. If the alternate words rhyme, it is an “a-b-a-b” rhyme scheme, which means “a” is the rhyme for the lines 1 and 3 and “b” is the rhyme affected in the lines 2 and 4. | **ਤੁਕਾਂਤ ਯੋਜਨਾ (Rhyme Scheme)**<br>ਤੁਕਾਂਤ ਯੋਜਨਾ ਵਾਰਤਕ ਜਾਂ ਕਵਿਤਾ ਵਿਚ ਪੰਕਤੀਆਂ ਦੇ ਅੰਤ ਵਿਚ ਮੌਜੂਦ ਸ਼ਬਦਾਂ ਦੀ ਤੁਕਬੰਦੀ ਦਾ ਚਲਨ ਹੈ। ਤੁਕਾਂਤ ਯੋਜਨਾ ਉਹ ਕ੍ਰਮ ਹੈ ਜਿਸ ਵਿਚ ਕੁਝ ਖਾਸ ਸ਼ਬਦਾਂ ਦੀ ਤੁਕਬੰਦੀ ਕੀਤੀ ਜਾਂਦੀ ਹੈ। ਜੇ ਇਕ ਪੰਕਤੀ ਛੱਡ ਕੇ ਤੁਕ ਮਿਲਾਈ ਹੈ ਤਾਂ ਇਹ ਤੁਕਾਂਤ ਯੋਜਨਾ “a-b-a-b” ਹੈ ਜਿਸਦਾ ਮਤਲਬ ਇਹ ਹੈ ਕਿ ਪੰਕਤੀ 1 ਦੀ ਤੁਕ “a” ਪੰਕਤੀ 3 ਨਾਲ ਮਿਲਾਈ ਹੈ ਅਤੇ ਪੰਕਤੀ 2 ਦੀ ਤੁਕ “b” ਪੰਕਤੀ 4 ਨਾਲ ਮਿਲਾਈ ਹੈ। |
| **Example:**<br>Shall I compare thee to a summer's day? (a)<br>Thou art more lovely and more temperate. (b)<br>Rough winds do shake the darling buds of May, (a)<br>and summer’s lease hath all too short a date. (b) | |

| | |
|---|---|
| **Rhythm and Rhyme**<br>Rhythm and rhyme refers to a pattern of rhymes that is created by using words that produce the same or similar sounds. Rhythm and rhyme refer to the recurrence of similar sounds in prose and poetry, creating a musical, gentle effect. | **ਤਾਲ ਅਤੇ ਤੁਕਾਂਤ (Rhythm and Rhyme)**<br>ਤਾਲ ਅਤੇ ਤੁਕਾਂਤ ਦਾ ਅਰਥ ਤੁਕਾਂਤਾਂ ਦਾ ਪੈਟਰਨ ਹੈ ਜਿਸ ਦੀ ਰਚਨਾ ਇੱਕੋ ਜਾਂ ਇੱਕੋ-ਜਿਹੀ ਧੁਨੀਆਂ ਦੀ ਵਰਤੋਂ ਨਾਲ ਕੀਤੀ ਜਾਂਦੀ ਹੈ। ਤਾਲ ਅਤੇ ਤੁਕਾਂਤ ਵਾਰਤਕ ਅਤੇ ਕਵਿਤਾ ਵਿਚ ਇੱਕੋ ਜਿਹੀਆਂ ਧੁਨੀਆਂ ਦੇ ਦੁਹਰਾਉਣ ਨੂੰ ਕਹਿੰਦੇ ਹਨ ਜਿਸ ਨਾਲ ਸੰਗੀਤਾਤਮਕ ਕੋਮਲ ਅਸਰ ਪੈਦਾ ਹੁੰਦਾ ਹੈ। |
| **Example**<br>"I’m a little teapot short and stout.<br>This is my handle and this is my spout.<br>When the water's boiling, hear me shout.<br>Just lift me up and pour me out." | |

| ENGLISH | PUNJABI |
|---|---|
| **Satire**<br>Satire refers to the practice of making fun of a human weakness or character flaw. The use of satire is often used from a need or decision of correcting or bettering the character that is on the receiving end of the satire. In general, even though satire might be humorous, its purpose is not to entertain and amuse but actually to derive a reaction of contempt from the reader. | ਵਿਅੰਗ ਰਚਨਾ **(Satire)**<br>ਵਿਅੰਗ ਕਿਸੇ ਮਾਨਵੀ ਕਮਜ਼ੋਰੀ ਜਾਂ ਕਿਰਦਾਰ ਦੀ ਕਮੀ ਦੇ ਮਜ਼ਾਕ ਉਡਾਉਣ ਨੂੰ ਕਹਿੰਦੇ ਹਨ। ਵਿਅੰਗ ਦੀ ਲੋੜ ਅਕਸਰ ਵਿਅੰਗ ਦੇ ਨਿਸ਼ਾਨੇ ਵਾਲੇ ਕਿਰਦਾਰ ਨੂੰ ਸੁਧਾਰਨ ਜਾਂ ਬਿਹਤਰ ਬਣਾਉਣ ਦੀ ਲੋੜ ਜਾਂ ਫੈਸਲੇ ਦੇ ਕਾਰਨ ਪੈਂਦੀ ਹੈ। ਸਮੁੱਚੇ ਤੌਰ ਤੇ, ਹਾਲਾਂਕਿ ਵਿਅੰਗ ਹਾਸੇ ਭਰਿਆ ਹੁੰਦਾ ਹੈ, ਇਸ ਦਾ ਉਦੇਸ਼ ਮਨੋਰੰਜਨ ਕਰਨਾ ਜਾਂ ਹਸਾਉਣਾ ਨਹੀਂ ਹੁੰਦਾ ਬਲਕਿ ਅਸਲ ਵਿਚ ਪਾਠਕ ਦੇ ਮਨ ਵਿਚ ਘਿਰਨਾ ਦਾ ਭਾਵ ਪੈਦਾ ਕਰਨਾ ਹੈ। |
| **Example:** In *The Importance of Being Earnest* by Oscar Wilde, the word "earnest" is satirized throughout the story. In Victorian times, to be "earnest" was to be intelligent; however, two of the women in the story desire a man named Earnest just because they like the name. | |

| | |
|---|---|
| **Setting**<br>Setting is used to identify and establish the time, place and mood of the events of the story. It basically helps in establishing where and when and under what circumstances the story is taking place. | ਵਾਤਾਵਰਨ, ਮਾਹੌਲ **(Setting)**<br>ਵਾਤਾਵਰਨ ਦੀ ਵਰਤੋਂ ਕਹਾਣੀ ਦੀਆਂ ਘਟਨਾਵਾਂ ਦਾ ਸਮਾਂ, ਥਾਂ ਅਤੇ ਮੂਡ ਦੀ ਪਛਾਣ ਅਤੇ ਸਥਾਪਨਾ ਕਰਨ ਲਈ ਕੀਤੀ ਜਾਂਦੀ ਹੈ। ਮੂਲ ਤੌਰ ਤੇ ਇਹ ਸਾਨੂੰ ਇਹ ਸਥਾਪਤ ਕਰਨ ਵਿਚ ਮਦਦ ਕਰਦਾ ਹੈ ਕਿ ਕਹਾਣੀ ਕਿਥੇ, ਕਦੋਂ ਅਤੇ ਕਿਹੜੇ ਹਾਲਾਤ ਵਿਚ ਹੋ ਰਹੀ ਹੈ। |
| **Example:** In the first installment of the *Harry Potter* series, a large part of the book takes place at the protagonist, Harry's, aunt's and uncle's place, living in the "muggle" (non-magical) world with the "muggle" folks, and Harry is unaware of his magical capabilities and bloodline. This setting establishes the background that Harry has a non-magical childhood with other "muggle" people and has no clue about his special powers or his parents and is raised much like, actually worse than, regular children, till his 11th birthday. | |

| | |
|---|---|
| **Simile**<br>Similes refer to the practice of drawing parallels or comparisons between two unrelated and dissimilar things, people, beings, places and concepts. By using similes, a greater degree of meaning and understanding is attached to an otherwise simple sentence. The reader is able to better understand the sentiment the author wishes to convey. Similes are marked by the use of the words "as, such as or like". | ਉਪਮਾ ਅਲੰਕਾਰ **(Simile)**<br>ਉਪਮਾ ਦੋ ਅਸਬੰਧਤ ਅਤੇ ਵਿਭਿੰਨ ਚੀਜ਼ਾਂ, ਲੋਕਾਂ, ਜੀਵਾਂ, ਥਾਂਵਾਂ ਅਤੇ ਧਾਰਨਾਵਾਂ ਦੀਆਂ ਸਮਾਨਤਾਵਾਂ ਦਿਖਾਉਂਦੀ ਹੈ ਜਾਂ ਉਹਨਾਂ ਦੀ ਤੁਲਨਾ ਕਰਦੀ ਹੈ। ਉਪਮਾ ਦੀ ਵਰਤੋਂ ਰਾਹੀਂ ਇੱਕ ਸਿੱਧੇ ਸਾਦੇ ਵਾਕ ਨੂੰ ਜ਼ਿਆਦਾ ਅਰਥ ਅਤੇ ਸੂਝ ਪ੍ਰਦਾਨ ਕੀਤੀ ਜਾਂਦੀ ਹੈ। ਲੇਖਕ ਦੁਆਰਾ ਪ੍ਰਗਟ ਕੀਤੇ ਮਨੋਭਾਵ ਨੂੰ ਪਾਠਕ ਜ਼ਿਆਦਾ ਚੰਗੀ ਤਰ੍ਹਾਂ ਸਮਝ ਸਕਦਾ ਹੈ। ਉਪਮਾਵਾਂ ਦੀ ਵਿਸ਼ੇਸ਼ਤਾ ਉਸ ਵਿਚ "ਵਾਂਗ, ਵਰਗਾ, ਦੀ ਤਰ੍ਹਾਂ" ਜਿਹੇ ਸ਼ਬਦਾਂ ਦੀ ਵਰਤੋਂ ਹੈ। |
| **Example:** "In the eastern sky there was a yellow patch like a rug laid for the feet of the coming sun . . ." *The Red Badge of Courage* by Stephen Crane | |

<table>
<tr><th>ENGLISH</th><th>PUNJABI</th></tr>
<tr><td>Sonnet<br>In poetry, a sonnet has 14 lines and is written in iambic pentameter. Each line has 10 syllables. It has a specific rhyme scheme and a “volta” or a specific turn. Generally, sonnets are divided into different groups based on the rhyme scheme they follow. The rhymes of a sonnet are arranged according to a certain rhyme scheme. The rhyme scheme in English is usually abab-cdcd-efef-gg and in Italian and Spanish abba-abba-cde-cde.</td><td>ਸੌਨੇਟ (Sonnet)<br>ਕਵਿਤਾ ਵਿਚ ਸੌਨੇਟ ਦੀਆਂ 14 ਪੰਕਤੀਆਂ ਹੁੰਦੀਆਂ ਹਨ ਅਤੇ ਉਸਨੂੰ ਆਇਐਂਬਿਕ ਪੈਂਟਾਮੀਟਰ ਵਿਚ ਲਿਖਿਆ ਜਾਂਦਾ ਹੈ। ਹਰ ਪੰਕਤੀ ਵਿਚ 10 ਉਚਾਰ-ਖੰਡ ਹੁੰਦੇ ਹਨ। ਇਸਦੀ ਇੱਕ ਵਿਸ਼ੇਸ਼ ਤੁਕਾਂਤ ਯੋਜਨਾ ਹੁੰਦੀ ਹੈ ਅਤੇ ਇੱਕ “ਵੋਲਟਾ” ਜਾਂ ਖਾਸ ਮੋੜ ਹੁੰਦਾ ਹੈ ਆਮ ਤੌਰ ਤੇ ਸੌਨੇਟਾਂ ਨੂੰ ਉਹਨਾਂ ਦੀ ਤੁਕਾਂਤ ਯੋਜਨਾ ਦੇ ਆਧਾਰ ਤੇ ਵੱਖ ਵੱਖ ਸਮੂਹਾਂ ਵਿਚ ਵੰਡਿਆ ਜਾਂਦਾ ਹੈ। ਸੌਨੇਟ ਦੇ ਤੁਕਾਂਤਾਂ ਨੂੰ ਕਿਸੇ ਵਿਸ਼ੇਸ਼ ਤੁਕਾਂਤ ਯੋਜਨਾ ਮੁਤਾਬਕ ਕ੍ਰਮਬੱਧ ਕੀਤਾ ਜਾਂਦਾ ਹੈ। ਅੰਗਰੇਜ਼ੀ ਵਿਚ ਤੁਕਾਂਤ ਯੋਜਨਾ ਆਮ ਤੌਰ ਤੇ abab-cdcd-efef-gg ਹੁੰਦੀ ਹੈ ਜਦ ਕਿ ਇਤਾਲਵੀ ਅਤੇ ਸਪੈਨਿਸ਼ ਵਿਚ ਇਹ ਯੋਜਨਾ abba-abba-cde-cde ਹੁੰਦੀ ਹੈ।</td></tr>
<tr><td colspan="2">Example<br>My heart be brave, and do not falter so,<br>Nor utter more that deep, despairing wail.<br>Thy way is very dark and drear I know,<br>But do not let thy strength and courage fail;<br>For certain as the raven-winged night<br>Is followed by the bright and blushing morn,<br>Thy coming morrow will be clear and bright;<br>’Tis darkest when the night is furthest worn.<br>Look up, and out, beyond, surrounding clouds,<br>And do not in thine own gross darkness grope,<br>Rise up, and casting off thy hind’ring shrouds,<br>Cling thou to this, and ever inspiring hope:<br>Tho’ thick the battle and tho’ fierce the fight,<br>There is a power making for the right.<br>James Weldon Johnson</td></tr>
</table>

<table>
<tr><td>Spoonerism<br>Spoonerism refers to the practice of interchanging the first letters of some words in order to create new words or even to create nonsensical words in order to create a humorous setting. While they are often unintentional and known as a “slip of the tongue”, in literature they are welcomed as witty wordplay.</td><td>ਸਪੂਨਰਿਜ਼ਮ (Spoonerism)<br>ਸਪੂਨਰਿਜ਼ਮ ਉਹ ਰਵਾਇਤ ਹੈ ਜਿਸ ਵਿਚ ਨਵੇਂ ਸ਼ਬਦ ਬਣਾਉਣ ਲਈ ਜਾਂ ਹਾਸੇ ਦੇ ਉਦੇਸ਼ ਨਾਲ ਬਿਨਾਂ ਕਿਸੇ ਅਰਥ ਵਾਲੇ ਸ਼ਬਦ ਬਣਾਉਣ ਲਈ ਕੁਝ ਸ਼ਬਦਾਂ ਦੇ ਪਹਿਲੇ ਅੱਖਰਾਂ ਦੀ ਅਦਲਾ-ਬਦਲੀ ਕਰ ਦਿੱਤੀ ਜਾਂਦੀ ਹੈ। ਹਾਲਾਂਕਿ ਅਕਸਰ ਅਜਿਹਾ ਜਾਣ ਬੁਝ ਕੇ ਨਹੀਂ ਕੀਤਾ ਜਾਂਦਾ ਬਲਕਿ “ਜ਼ਬਾਨ ਫਿਸਲਣ” ਕਾਰਨ ਹੋ ਜਾਂਦਾ ਹੈ, ਸਾਹਿਤ ਵਿਚ ਬੌਧਿਕ ਹਾਸ-ਵਿਲਾਸ ਵਜੋਂ ਇਸਦਾ ਸੁਆਗਤ ਕੀਤਾ ਜਾਂਦਾ ਹੈ।</td></tr>
<tr><td colspan="2">Example: The phrase “flesh and blood” being spoken as “blesh and flood” in urgency and heightened emotion.</td></tr>
</table>

| ENGLISH | PUNJABI |
|---|---|
| **Stanza**<br>Stanza refers to a single, related chunk of lines in poetry. It basically refers to one unit or group of lines, which forms one particular faction in poetry. The most basic kind of stanza is usually four lines per group, with the simplest rhyme scheme "a-b-a-b" being followed. | **ਬੰਦ (Stanza)**<br>ਕਵਿਤਾ ਵਿਚ ਆਪਸ ਵਿਚ ਜੁੜੀਆਂ ਪੰਕਤੀਆਂ ਦੇ ਇਕੱਲ੍ਹੇ ਸਮੂਹ ਨੂੰ ਬੰਦ ਕਹਿੰਦੇ ਹਨ। ਮੂਲ ਤੌਰ ਤੇ ਇਹ ਪੰਕਤੀਆਂ ਦੀ ਇੱਕ ਯੂਨਿਟ ਜਾਂ ਸਮੂਹ ਹੈ ਜੋ ਕਵਿਤਾ ਵਿਚ ਇੱਕ ਖਾਸ ਇਕਾਈ ਬਣਾਉਂਦਾ ਹੈ। ਸਭ ਤੋਂ ਮੂਲ ਕਿਸਮ ਦਾ ਬੰਦ ਚਾਰ ਪੰਕਤੀਆਂ ਵਾਲਾ ਸਮੂਹ ਹੈ ਅਤੇ ਸਭ ਤੋਂ ਸਰਲ ਤੁਕਾਂਤ ਯੋਜਨਾ "a-b-a-b" ਹੈ। |
| **Example**<br>"The greedy paddy cat,<br>chased after the mice;<br>she got so round and fat,<br>but it tasted so nice" | |

| | |
|---|---|
| **Stream of Consciousness**<br>Stream of consciousness refers to an uninterrupted and unhindered collection and occurrence of thoughts and ideas in the conscious mind. In literature, the phrase refers to the flow of these thoughts; with reference to a particular character's thinking process. This literary device is usually used in order to provide a narrative in the form of the character's thoughts instead of using dialogue or description. | ਚੇਤਨਾ ਪ੍ਰਵਾਹ **(Stream of Consciousness)**<br>ਚੇਤਨਾ ਪ੍ਰਵਾਹ ਸਚੇਤ ਮਨ ਵਿਚ ਵਿਚਾਰਾਂ ਅਤੇ ਭਾਵਨਾਵਾਂ ਦਾ ਬੇਰੋਕ ਅਤੇ ਬੇਟੋਕ ਇਕੱਠੇ ਹੋਣਾ ਅਤੇ ਪੈਦਾ ਹੋਣਾ ਹੈ। ਸਾਹਿਤ ਵਿਚ ਇਹ ਪਰਿਭਾਸ਼ਕ ਸ਼ਬਦ ਇਹਨਾਂ ਵਿਚਾਰਾਂ ਦੇ ਪ੍ਰਵਾਹ ਲਈ ਵਰਤਿਆ ਜਾਂਦਾ ਹੈ; ਇਹ ਕਿਸੇ ਖਾਸ ਕਿਰਦਾਰ ਦੀ ਸੋਚਣ ਦੀ ਪ੍ਰਕਿਰਿਆ ਨਾਲ ਜੁੜਿਆ ਹੁੰਦਾ ਹੈ। ਇਸ ਸਾਹਿਤਕ ਜੁਗਤ ਵਿਚ ਆਮ ਤੌਰ ਤੇ ਬਿਰਤਾਂਤ ਦੇ ਲਈ ਗੱਲਬਾਤ ਜਾਂ ਵਰਣਨ ਦੀ ਥਾਂ ਤੇ ਕਿਰਦਾਰ ਦੇ ਮਨ ਵਿਚ ਆਉਣ ਵਾਲੇ ਵਿਚਾਰਾਂ ਦੀ ਵਰਤੋਂ ਕੀਤੀ ਜਾਂਦੀ ਹੈ। |
| **Example:** "Life is not a series of gig lamps symmetrically arranged; life is a luminous halo, a semi-transparent envelope surrounding us from the beginning of consciousness to the end." *The Common Reader* by Virginia Woolf. | |

<table>
<tr><th>ENGLISH</th><th>PUNJABI</th></tr>
<tr><td>Suspense<br>Suspense is the intense feeling that an audience goes through while waiting for the outcome of certain events. It basically leaves the reader holding their breath and wanting more. The amount of intensity in a suspenseful moment is why it is hard to put a book down. Without suspense, a reader would lose interest quickly in any story because there is nothing that is making the reader ask, “What’s going to happen next?” In writing, there has to be a series of events that leads to a climax that captivates the audience and makes them tense and anxious to know what is going to happen next.</td><td>ਉਤਸੁਕਤਾ (Suspense)<br>ਉਤਸੁਕਤਾ ਉਹ ਤੀਬਰ ਅਹਿਸਾਸ ਹੈ ਜੋ ਦਰਸ਼ਕ ਉਸ ਸਮੇਂ ਮਹਿਸੂਸ ਕਰਦੇ ਹਨ ਜਦ ਉਹ ਕੁਝ ਖਾਸ ਘਟਨਾਵਾਂ ਦੇ ਪਰਿਣਾਮ ਦਾ ਇੰਤਜ਼ਾਰ ਕਰ ਰਹੇ ਹੁੰਦੇ ਹਨ। ਇਸ ਨਾਲ ਮੂਲ ਤੌਰ ਤੇ ਪਾਠਕ ਆਪਣਾ ਸਾਹ ਰੋਕ ਕੇ ਬੈਠਦਾ ਹੈ ਅਤੇ ਜ਼ਿਆਦਾ ਦੀ ਕਾਮਨਾ ਕਰਦਾ ਹੈ। ਇਸ ਸਮੇਂ ਉਤਸੁਕਤਾ ਇੰਨੀ ਜ਼ਿਆਦਾ ਹੁੰਦੀ ਹੈ ਕਿ ਪਾਠਕ ਲਈ ਕਿਤਾਬ ਨੂੰ ਬੰਦ ਕਰਕੇ ਰੱਖਣਾ ਬੜਾ ਮੁਸ਼ਕਿਲ ਹੁੰਦਾ ਹੈ। ਜੇ ਇਹ ਉਤਸੁਕਤਾ ਨਾ ਹੋਵੇ ਤਾਂ ਕਿਸੇ ਵੀ ਕਹਾਣੀ ਵਿਚ ਪਾਠਕਾਂ ਦੀ ਦਿਲਚਸਪੀ ਬੜੀ ਛੇਤੀ ਖਤਮ ਹੋ ਜਾਏਗੀ ਕਿਉਂਕਿ ਤਦ ਕੋਈ ਵੀ ਅਜਿਹੀ ਗੱਲ ਨਹੀਂ ਹੋਵੇਗੀ ਜਿਸਦੇ ਲਈ ਪਾਠਕ ਨੂੰ ਇਹ ਪੁੱਛਣਾ ਪਵੇ, “ਹੁਣ ਅੱਗੇ ਕੀ ਹੋਵੇਗਾ?” ਰਚਨਾ ਦੇ ਵਿਚ ਘਟਨਾਵਾਂ ਦੀ ਇੱਕ ਅਜਿਹੀ ਲੜੀ ਹੋਣੀ ਜ਼ਰੂਰੀ ਹੈ ਜੋ ਪਾਠਕ ਨੂੰ ਅਜਿਹੇ ਸ਼ਿਖਰ ਬਿੰਦੂ ਤੇ ਲਿਜਾਂਦੀ ਹੋਵੇ ਜੋ ਪਾਠਕਾਂ ਨੂੰ ਮੁਗਧ ਕਰ ਲਵੇ, ਉਹਨਾਂ ਨੂੰ ਉਤੇਜਿਤ ਅਤੇ ਇਹ ਜਾਣਨ ਲਈ ਬੇਤਾਬ ਕਰ ਦੇਵੇ ਕਿ ਅੱਗੇ ਕੀ ਹੋਣ ਵਾਲਾ ਹੈ।</td></tr>
<tr><td colspan="2">Example: You can probably recall the feeling you had at the pit of your stomach when, after about 25 minutes and lots of commercials, you were hoping to find out what happened to your favorite character. However, you didn’t get to find out. Instead they would make the “Tune In Next Week” announcement and you already knew that you would be there. Suspense is a powerful literary tool because, if done correctly, you know your audience will be back for more and more.</td></tr>
</table>

<table>
<tr><td>Symbol<br>A symbol is literary device that contains several layers of meaning, often concealed at first sight. It is representative of several other aspects, concepts or traits than those that are visible in the literal translation alone. Symbol is using an object or action that means something more than its literal meaning.</td><td>ਪ੍ਰਤੀਕ (Symbol)<br>ਪ੍ਰਤੀਕ ਇੱਕ ਸਾਹਿਤਕ ਜੁਗਤ ਹੈ ਜਿਸ ਵਿਚ ਅਰਥ ਦੀਆਂ ਕਈ ਪਰਤਾਂ ਹੁੰਦੀਆਂ ਹਨ ਜੋ ਪਹਿਲੀ ਨਜ਼ਰ ਵਿਚ ਦਿਖਾਈ ਨਹੀਂ ਪੈਂਦੀਆਂ। ਪ੍ਰਤੀਕ ਕਈ ਅਜਿਹੇ ਪੱਖਾਂ, ਧਾਰਨਾਵਾਂ ਅਤੇ ਗੁਣਾਂ ਦੀ ਪ੍ਰਤਿਨਿਧਤਾ ਕਰਦਾ ਹੈ ਜੋ ਸ਼ਾਬਦਿਕ ਅਨੁਵਾਦ ਵਿਚ ਨਜ਼ਰ ਨਹੀਂ ਆਉਂਦੇ। ਪ੍ਰਤੀਕ ਦਾ ਅਰਥ ਕਿਸੇ ਅਜਿਰੀ ਵਸਤੂ ਜਾਂ ਕੰਮ ਦੀ ਵਰਤੋਂ ਕਰਨਾ ਹੈ ਜਿਸਦਾ ਅਰਥ ਉਸਦੇ ਸ਼ਾਬਦਿਕ ਅਰਥ ਤੋਂ ਵੱਧ ਹੋਵੇ।</td></tr>
<tr><td colspan="2">Example: The phrase “a new dawn” does not talk only about the actual beginning of a new day but also signifies a new start, a fresh chance to begin and the end of a previous tiring time.</td></tr>
</table>

<table>
<tr><td>Synecdoche<br>A synecdoche is a literary device that uses a part of something to refer to the whole. It is somewhat rhetorical in nature where the entire object is represented by way of a faction of it or a faction of the object is symbolized by the full.</td><td>ਸਿਨੇਕਦਕਿ (Synecdoche)<br>ਸਿਨੇਕਦਕਿ ਇੱਕ ਸਾਹਿਤਕ ਜੁਗਤ ਹੈ ਜਿਸ ਵਿਚ ਕਿਸੇ ਚੀਜ਼ ਦੇ ਇੱਕ ਹਿੱਸੇ ਦੀ ਵਰਤੋਂ ਪੂਰੀ ਚੀਜ਼ ਦੇ ਬਾਰੇ ਦੱਸਣ ਲਈ ਕੀਤੀ ਜਾਂਦੀ ਹੈ। ਇਹ ਕੁਝ ਹੱਦ ਤਕ ਅਲੰਕਾਰਕ ਕਿਸਮ ਦਾ ਹੈ ਜਿਸ ਵਿਚ ਪੂਰੀ ਚੀਜ਼ ਦੀ ਪ੍ਰਤਿਨਿਧਤਾ ਉਸਦੇ ਇੱਕ ਭਾਗ ਦੁਆਰਾ ਕੀਤੀ ਜਾਂਦੀ ਹੈ ਅਤੇ ਉਸਦੇ ਇੱਕ ਭਾਗ ਦਾ ਪ੍ਰਤੀਕ ਪੂਰੀ ਚੀਜ਼ ਹੁੰਦੀ ਹੈ।</td></tr>
<tr><td colspan="2">Example: "Weary feet in the walk of life," does not refer to the feet actually being tired or painful; it is symbolic of a long, hard struggle through the journey of life and feeling low, tired, and unoptimistic. Additionally, "the walk of life" does not represent an actual path or distance covered, but instead refers to the entire sequence of a life event that has made the person tired.</td></tr>
</table>

| ENGLISH | PUNJABI |
|---|---|
| **Syntax**<br>Syntax refers to the actual way in which words and sentences are placed together in the writing. Usually in the English language the syntax should follow a pattern of subject-verb-object agreement but sometimes authors play around with this to achieve a lyrical, rhythmic, rhetoric or questioning effect. It is not related to the act of choosing specific words or even the meaning of each word or the overall meanings conveyed by the sentences. | ਵਾਕ-ਰਚਨਾ **(Syntax)**<br>ਵਾਕ-ਰਚਨਾ ਉਹ ਅਸਲੀ ਤਰੀਕਾ ਹੈ ਜਿਸ ਤਰੀਕੇ ਨਾਲ ਸ਼ਬਦਾਂ ਅਤੇ ਵਾਕਾਂ ਨੂੰ ਕਿਸੇ ਰਚਨਾ ਵਿਚ ਇਕੱਠੇ ਰੱਖਿਆ ਜਾਂਦਾ ਹੈ। ਅੰਗਰੇਜ਼ੀ ਭਾਸ਼ਾ ਵਿਚ ਆਮ ਤੌਰ ਤੇ ਵਾਕ-ਰਚਨਾ ਨੂੰ ਕਰਤਾ-ਕ੍ਰਿਆ-ਕਰਮ ਪੈਟਰਨ ਦੀ ਪਾਲਨਾ ਕਰਨੀ ਚਾਹੀਦੀ ਹੈ ਪਰ ਕਈ ਵਾਰੀ ਲੇਖਕ ਇਸ ਦੇ ਨਾਲ ਖੇਡਾਂ ਖੇਡਦੇ ਹਨ ਅਤੇ ਸੰਗੀਤ, ਤਾਲ, ਅਲੰਕਾਰਕ ਅਤੇ ਪ੍ਰਸ਼ਨਵਾਚਕ ਪ੍ਰਭਾਵ ਪੈਦਾ ਕਰਦੇ ਹਨ। ਇਸ ਦਾ ਸਬੰਧ ਕੁਝ ਵਿਸ਼ੇਸ਼ ਸ਼ਬਦਾਂ ਦੀ ਚੋਣ ਜਾਂ ਹਰ ਸ਼ਬਦ ਦੇ ਅਰਥਾਂ ਜਾਂ ਵਾਕਾਂ ਦੇ ਸਮੁੱਚੇ ਅਰਥਾਂ ਨਾਲ ਨਹੀਂ ਹੈ। |
| **Example:** The sentence "The man drives the car" would follow normal syntax in the English language. By changing the syntax to "The car drives the man", the sentence becomes awkward and lacks sense. | |

| | |
|---|---|
| **Theme**<br>The theme of any literary work is the base topic or focus that acts as a foundation for the entire literary piece. The theme links all aspects of the literary work with one another and is basically the main subject. The theme can be an enduring pattern or motif throughout the literary work, occurring in a complex, long winding manner or it can be short and succinct and provide a certain insight into the story. | ਵਿਸ਼ਾ-ਵਸਤੂ **(Theme)**<br>ਕਿਸੇ ਸਾਹਿਤਕ ਰਚਨਾ ਦੀ ਵਿਸ਼ਾ-ਵਸਤੂ ਉਹ ਮੂਲ ਵਿਸ਼ਾ ਜਾਂ ਫੋਕਸ ਹੈ ਜੋ ਪੂਰੀ ਸਾਹਿਤਕ ਕਿਰਤ ਲਈ ਬੁਨਿਆਦ ਵਜੋਂ ਕੰਮ ਕਰਦਾ ਹੈ। ਸਾਹਿਤਕ ਰਚਨਾ ਦੀ ਵਿਸ਼ਾ-ਵਸਤੂ ਉਸਦੇ ਸਾਰੇ ਪੱਖਾਂ ਨੂੰ ਆਪਸ ਵਿਚ ਜੋੜਦੀ ਹੈ ਅਤੇ ਮੂਲ ਰੂਪ ਵਿਚ ਇਹ ਮੁਖ ਵਿਸ਼ਾ ਹੈ। ਵਿਸ਼ਾ-ਵਸਤੂ ਪੂਰੀ ਸਾਹਿਤਕ ਰਚਨਾ ਵਿਚ ਕੋਈ ਚਿਰਸਥਾਈ ਪੈਟਰਨ ਜਾਂ ਮੁੱਖ ਭਾਵ ਹੋ ਸਕਦਾ ਹੈ ਜੋ ਇੱਕ ਜਟਿਲ, ਲੰਬੇ ਗੁੰਝਲਦਾਰ ਤਰੀਕੇ ਨਾਲ ਮੌਜੂਦ ਹੁੰਦਾ ਹੈ ਜਾਂ ਉਹ ਸੰਖੇਪ ਅਤੇ ਮੁਖਤਸਰ ਹੋ ਸਕਦਾ ਹੈ ਅਤੇ ਕਹਾਣੀ ਦੇ ਬਾਰੇ ਕੁਝ ਸੂਖਮ ਜਾਣਕਾਰੀ ਦੇ ਸਕਦਾ ਹੈ।. |
| **Example:** The main theme in the play *Romeo and Juliet* by Shakespeare was love with smaller themes of sacrifice, tragedy, struggle, hardship, devotion and so on intertwined throughout. | |

| | |
|---|---|
| **Tone**<br>The tone of a literary work is the perspective or attitude that the author adopts with regard to a specific character, place or development. Tone can portray a variety of emotions ranging from solemn, grave, and critical to witty, wry and humorous. Tone helps the reader ascertain the writer's feelings toward a particular topic and these influences the reader's understanding of the story. | ਲਹਿਜ਼ਾ **(Tone)**<br>ਕਿਸ ਸਾਹਿਤਕ ਰਚਨਾ ਦਾ ਲਹਿਜ਼ਾ ਉਹ ਪਰਿਪੇਖ ਜਾਂ ਰਵੱਈਆ ਹੈ ਜੋ ਲੇਖਕ ਕਿਸੇ ਵਿਸ਼ੇਸ਼ ਕਿਰਦਾਰ, ਥਾਂ ਜਾਂ ਘਟਨਾ ਵਲ ਅਪਨਾਉਂਦਾ ਹੈ। ਲਹਿਜ਼ਾ ਰਸਮੀ, ਗੰਭੀਰ ਅਤੇ ਆਲੋਚਨਾਤਮਕ ਤੋਂ ਲੈ ਕੇ ਹਾਜ਼ਰ-ਜਵਾਬ, ਵਿਕ੍ਰਿਤ ਅਤੇ ਮਜ਼ਾਕੀਆ ਤਕ ਕਈ ਤਰ੍ਹਾਂ ਦੀਆਂ ਭਾਵਨਾਵਾਂ ਦਰਸਾ ਸਕਦਾ ਹੈ। ਲਹਿਜ਼ਾ ਪਾਠਕ ਨੂੰ ਕਿਸੇ ਖਾਸ ਵਿਸ਼ੇ ਬਾਰੇ ਲੇਖਕ ਦੀਆਂ ਭਾਵਨਾਵਾਂ ਦਾ ਪਤਾ ਲਗਾਉਣ ਵਿਚ ਮਦਦ ਕਰਦਾ ਹੈ ਅਤੇ ਇਸ ਦਾ ਅਸਰ ਪਾਠਕ ਦੁਆਰਾ ਕਹਾਣੀ ਨੂੰ ਸਮਝਣ ਦੇ ਉੱਪਰ ਪੈਂਦਾ ਹੈ। |
| **Example:** In her *Harry Potter* series, author J.K. Rowling has taken an extremely positive, inspiring and uplifting tone towards the idea of love and devotion. | |

| ENGLISH | PUNJABI |
|---|---|
| **Tragedy**<br>The concept of tragedy refers to a series of unfortunate events by which one or more of the literary characters undergo several misfortunes, which culminate into a disaster of “epic proportions.” Tragedy is generally developed in five stages: 1. happy times, 2. the introduction of a problem, 3. the problem worsens to a crisis or dilemma, 4. the characters are unable to prevent the problem from taking over, 5. the problem results in some catastrophic, grave ending, which is the tragedy culminated. | ਦੁਖਾਂਤ, ਤ੍ਰਾਸਦੀ **(Tragedy)**<br>ਦੁਖਾਂਤ ਦੀ ਧਾਰਨਾ ਅਭਾਗੀਆਂ ਘਟਨਾਵਾਂ ਦੀ ਲੜੀ ਦੇ ਨਾਲ ਜੁੜੀ ਹੋਈ ਹੈ ਜਿਨ੍ਹਾਂ ਦੇ ਕਾਰਨ ਇੱਕ ਜਾਂ ਵੱਧ ਸਾਹਿਤਕ ਕਿਰਦਾਰਾਂ ਨੂੰ ਕਈ ਮੁਸੀਬਤਾਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ ਜਿਸਦਾ ਅੰਤ ਅਖੀਰ ਵਿਚ ਇੱਕ “ਬਹੁਤ ਵੱਡੀ” ਬਿਪਦਾ ਦੇ ਰੂਪ ਵਿਚ ਹੁੰਦਾ ਹੈ। ਦੁਖਾਂਤ ਨੂੰ ਆਮ ਤੌਰ ਤੇ ਪੰਜ ਚਰਣਾਂ ਵਿਰ ਵਿਕਸਤ ਕੀਤਾ ਜਾਂਦਾ ਹੈ: 1. ਸੁਖੀ ਸਮਾਂ, 2. ਸਮੱਸਿਆ ਦੀ ਸ਼ੁਰੂਆਤ, 3. ਸਮੱਸਿਆ ਹੋਰ ਗੰਭੀਰ ਹੋ ਕੇ ਸੰਕਟ ਜਾਂ ਧਰਮ-ਸੰਕਟ ਬਣ ਜਾਂਦੀ ਹੈ, 4. ਕਿਰਦਾਰ ਆਪਣੇ ਆਪ ਨੂੰ ਸਮੱਸਿਆ ਤੋਂ ਬਚਾ ਨਹੀਂ ਸਕਦੇ, 5. ਸਮੱਸਿਆ ਦਾ ਅੰਤ ਗੰਭੀਰ ਤਬਾਹੀ ਵਾਲਾ ਹੁੰਦਾ ਹੈ ਜੋ ਦੁਖਾਂਤ ਦਾ ਸ਼ਿਖਰਬਿੰਦੂ ਹੁੰਦਾ ਹੈ। |
| **Example:** In the play *Julius Caesar* by Shakespeare, the lead character is an ambitious, fearless and power-hungry king who ignores all the signs and does not heed the advice of his confidants. He is finally stabbed to death by his best friend and advisor Brutus. This moment has been immortalized by the phrase “Et tu Brutus?”, wherein Caesar realizes that he has finally been defeated through betrayal. | |

| | |
|---|---|
| **Understatement**<br>Understatement refers to the practice of drawing attention to a fact that is already obvious and noticeable, while making it seem less than it actually is. Understating a fact can be done by way of sarcasm, irony, or any other form of dry humor. Understating something is akin to exaggerating its obviousness as a means of humor. | ਨਿਊਨੋਕਤੀ (ਅੰਡਰਸਟੇਟਮੈਂਟ) **(Understatement)**<br>ਕਿਸੇ ਪਹਿਲਾਂ ਤੋਂ ਸਪਸ਼ਟ ਅਤੇ ਜ਼ਾਹਰ ਤੱਥ ਵਲ ਧਿਆਨ ਦਿਵਾਉਂਦੇ ਹੋਏ ਉਸ ਨੂੰ ਵਾਸਤਵਿਕਤਾ ਨਾਲੋ ਘੱਟ ਬਣਾ ਕੇ ਦਿਖਾਉਣ ਨੂੰ ਨਿਊਨੋਕਤੀ ਕਹਿੰਦੇ ਹਨ। ਕਿਸੇ ਤੱਥ ਨੂੰ ਤਨਜ਼, ਵਿਅੰਗ ਜਾਂ ਕਿਸੇ ਹੋਰ ਤਰ੍ਹਾਂ ਦੇ ਸੁੱਕੇ ਹਾਸੇ ਨਾਲ ਨਿਊਨੋਕਤੀ ਬਣਾਇਆ ਜਾ ਸਕਦਾ ਹੈ। ਨਿਊਨੋਕਤੀ, ਕਿਸੇ ਗੱਲ ਨੂੰ ਸਪਸ਼ਟ ਤੌਰ ਤੇ ਵਧਾ-ਚੜ੍ਹਾ ਕੇ ਕਹਿਣ ਵਾਂਗ, ਹਾਸੇ ਦਾ ਇੱਕ ਸ੍ਰੋਤ ਹੈ। |
| **Example:** The phrase, “Oh! I wonder if he could get here any later; I am free all day long”. Said in a sarcastic tone it indicates that the speaker obviously means the opposite of the literal meaning. | |

| | |
|---|---|
| **Verse**<br>Verse is used to refer to any single line of a poem. A metrical writing line is known as verse. The word can, however, also refer to a stanza or any other part of the poem. | ਤੁਕ, ਪੰਕਤੀ, ਛੰਦ (ਵਰਸ) **(Verse)**<br>ਤੁਕ ਦੀ ਵਰਤੋਂ ਕਵਿਤਾ ਦੀ ਕਿਸੇ ਇੱਕ ਪੰਕਤੀ ਲਈ ਕੀਤੀ ਜਾਂਦੀ ਹੈ। ਰਚਨਾ ਦੀ ਇੱਕ ਛੰਦਬੱਧ ਪੰਕਤੀ ਨੂੰ ਤੁਕ ਕਹਿੰਦੇ ਹਨ। ਪਰ ਇਸ ਦੀ ਵਰਤੋਂ ਕਿਸੇ ਬੰਦ ਜਾਂ ਕਵਿਤਾ ਦੇ ਕਿਸੇ ਹੋਰ ਭਾਗ ਲਈ ਵੀ ਕੀਤੀ ਜਾ ਸਕਦੀ ਹੈ। |
| **Example:**<br>*The Road Not Taken* by Robert Frost<br>Two roads diverged in a yellow wood,<br>and sorry I could not travel both<br>and be one traveler, long I stood<br>and looked down one as far as I could<br>to where it bent in the undergrowth; | |

LITERARY TERMS & DEVICES IN ENGLISH FOR LANGUAGE ARTS

ਹੋਰ ਸਾਹਿਤਕ ਪਰਿਭਾਸ਼ਕ ਸ਼ਬਦ ਅਤੇ ਜੁਗਤਾਂ

ਪਰਿਭਾਸ਼ਾਵਾਂ ਅਤੇ ਉਦਾਹਰਨਾਂ ਪਤਾ ਲਗਾਉ

| LITERARY DEVICES AND TERMS IN ENGLISH | ਸਾਹਿਤਕ ਪਰਿਭਾਸ਼ਕ ਸ਼ਬਦ ਅਤੇ ਜੁਗਤਾਂ [ਪੰਜਾਬੀ] |
|---|---|
| **Anachronism**<br>**Example** | ਇਤਿਹਾਸਕ ਭੁੱਲ **(Anachronism)**<br><br>ਉਦਾਹਰਨ |
| **Anticlimax**<br>**Example** | ਪ੍ਰਤਿ ਸਿਖਰ, ਨਿਰਾਸ਼ਾਜਨਕ ਅੰਤ **(Anticlimax)**<br><br>ਉਦਾਹਰਨ |
| **Archetype**<br>**Example** | ਆਦਿ ਰੂਪ **(Archetype)**<br><br>ਉਦਾਹਰਨ |
| **Cadence**<br>**Example** | ਲੈ, ਤਾਲ, ਸੰਗੀਤਬੱਧਤਾ **(Cadence)**<br><br>ਉਦਾਹਰਨ |
| **Comedy**<br>**Example** | ਕਾਮੇਡੀ **(Comedy)**<br><br>ਉਦਾਹਰਨ |
| **Elegy**<br>**Example** | ਸੋਗ ਗੀਤ, ਮਰਸੀਆ **(Elegy)**<br><br>ਉਦਾਹਰਨ |
| **Epic poem**<br>**Example** | ਮਹਾਕਾਵਿ **(Epic poem)**<br><br>ਉਦਾਹਰਨ |
| **Irony**<br>**Example** | ਵਿਅੰਗ, ਤਨਜ਼ **(Irony)**<br><br>ਉਦਾਹਰਨ |
| **Memoir**<br>**Example** | ਜੀਵਨ ਬਿਰਤਾਂਤ **(Memoir)**<br><br>ਉਦਾਹਰਨ |
| **Monologue (Soliloquy)**<br>**Example** | ਮਨਬਚਨੀ **(Monologue (Soliloquy))**<br><br>ਉਦਾਹਰਨ |
| **Ode**<br>**Example** | ਸੰਬੋਧਨੀ ਗੀਤ, ਪ੍ਰਸ਼ੰਸਾ ਗੀਤ **(Ode)**<br><br>ਉਦਾਹਰਨ |

| | |
|---|---|
| **Paraphrase**<br>**Example** | ਭਾਵ-ਅਨੁਵਾਦ **(Paraphrase)**<br><br>ਉਦਾਹਰਨ |
| **Parody**<br>**Example** | ਪੈਰੋਡੀ, ਵਿਅੰਗ ਕਾਵਿ, ਨਕਲ **(Parody)**<br><br>ਉਦਾਹਰਨ |
| **Science Fiction**<br>**Example** | ਵਿਗਿਆਨ ਗਲਪ, ਸਾਇੰਸ ਫਿਕਸ਼ਨ **(Science Fiction)**<br><br>ਉਦਾਹਰਨ |
| **Trilogy**<br>**Example** | ਤਿੰਨ ਖੰਡਾਂ ਵਾਲੀ ਸਾਹਿਤਕ ਰਚਨਾ **(Trilogy)**<br><br>ਉਦਾਹਰਨ |

# ਵਰਕਸ਼ੀਟ (WORKSHEET)

ਹੋਰ ਸਾਹਿਤਕ ਪਰਿਭਾਸ਼ਕ ਸ਼ਬਦਾਂ ਅਤੇ ਜੁਗਤਾਂ ਦੀ ਖੋਜ ਦਾ ਆਨੰਦ ਲਉ ਅਤੇ ਉਹਨਾਂ ਨੂੰ ਆਪਣੀ ਨਿਜੀ ਸੂਚੀ ਵਿਚ ਜੋੜੋ!

| ENGLISH | PUNJABI |
|---|---|
| | |
| | |
| | |
| | |
| | |
| | |
| | |
| | |
| | |
| | |

# REFERENCES


Abrams, M. H. (1999). A Glossary of Literary Terms. Seventh Edition. Heinle & Heinle. New York, NY.

Baldick, C. (1990). The Concise Dictionary of Literary Terms. Oxford University Press. New York, NY.

College Board (2013). Glossary of Literary Terms for the AP® Spanish Literary and Culture Course. New York, NY

Dupriez, B. (1991). A Dictionary of Literary Devices. Translated by Albert W. Halsall. University of Toronto Press, Canada.

50 Literary Devices (Definitions). BC English 12 Provincial Exam Review (on the Internet).

Figuras Literarias (con ejemplos).com (2013)

Literary Devices: Definitions and Examples of Literary Terms. Literary Devices, editors. (2013). LiteraryDevices.net

Literary devices: http://www.translationdirectory.com/glossaries/glossary301_h.php

Literary Devices http://www.cummingsstudyguides.net/xLitTerms.html

Literary Terms: http://www.slideshare.net/MattChristensen/literary-terms-presentation

Real Academia Española: www.rae.es

Office of Bilingual Education and World Languages (OBEWL)
http://www.p12.nysed.gov/biling/